@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 5 February 2026

कौमी पत्रिका
Qaumi Patrika NO.1

Punjabi National Daily

VISIT: www.qaumipatrika.org
Email: qpatrika@gmail.com

नवीं दिॱलीः वीरवार 5 फरवरी 2026, 23 माघ नानकशाही सैमत 555 (सफ़े-12) मुॱल 3.00 रुपऐ

R.N.I. No. 39272/81– संपादक – गुरचरन सिंघ बॱबर – साल – 44, अंक 92, qpatrika@gmail.com फोन : 9971359517 www.qaumipatrika.org

ਭਗਵੰਤ ਸਿੰਘ ਮਾਨ ਸਰਕਾਰ ਨੇ ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਖੋਲ੍ਹਣ ਲਈ ਨਿਵੇਸ਼ ਮੁਹਿੰਮ ਕੀਤੀ ਤੇਜ਼

ਕੌਮੀ ਪਤ੍ਰਿਕਾ
ਸਿਮੀ ਕੌਰ ਬੱਬਰ

ਮੁੰਬਈ, 4 ਫਰਵਰੀः ਮੁੰਬਈ ਨਿਵੇਸ਼ ਰੋਡ ਸ਼ੋਅ ਦੇ ਦੂਜੇ ਦਿਨ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਦੇ ਹਿੱਸੇ ਵਜੋਂ ਸੂਬੇ ਦੇ ਨੌਜਵਾਨਾਂ ਲਈ ਪੂੰਜੀ ਨਿਵੇਸ਼ ਨੂੰ ਨੌਕਰੀਆਂ ਵਿੱਚ ਤਬਦੀਲ ਕਰਨ 'ਤੇ ਧਿਆਨ ਕੇਂਦਰਿਤ ਕਰਦਿਆਂ ਨਿਵੇਸ਼ ਮੁਹਿੰਮ ਹੋਰ ਤੇਜ਼ ਕੀਤੀ। ਉੱਚ-ਪੱਧਰੀ ਮੀਟਿੰਗਾਂ ਤੋਂ ਲੈ ਕੇ ਵਿੱਤੀ ਵਿਚਾਰ-ਵਟਾਂਦਰਾ ਕਰਦੇ ਹੋਏ ਪੰਜਾਬ ਸਰਕਾਰ ਨੇ ਲਘੂ ਅਤੇ ਛੋਟੇ ਉਦਯੋਗਾਂ (ਐਮ.ਐਸ.ਐਮ.ਈਜ਼.) ਨੂੰ ਹੋਰ ਮਜ਼ਬੂਤ ਕਰਨ ਅਤੇ ਇਨ੍ਹਾਂ ਨੂੰ ਵੱਡੇ ਉੱਦਮਾਂ ਵਿੱਚ ਤਬਦੀਲ ਕਰਨ ਯੋਗ ਬਣਾਉਣ ਤੋਂ ਲੈ ਕੇ ਨਿਰਮਾਣ, ਲੌਜਿਸਟਿਕਸ ਅਤੇ ਉੱਭਰ ਰਹੇ ਖੇਤਰਾਂ ਵਿੱਚ ਵਿਸ਼ਵਵਿਆਪੀ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਤੱਕ ਅਨੇਕਾਂ ਸੰਭਾਵਨਾਵਾਂ ਦੀ ਲੜੀ ਪੇਸ਼ ਕੀਤੀ। ਨਤੀਜਾ-ਮੁਖੀ ਮੀਟਿੰਗਾਂ ਦੀ ਇਹ ਲੜੀ ਕਾਰਪੋਰੇਟਾਂ ਅਤੇ ਵਿੱਤੀ ਸੰਸਥਾਵਾਂ ਨਾਲ ਸਾਂਝੇਦਾਰੀ ਨੂੰ ਹੋਰ ਡੂੰਘਾ ਕਰਨ, ਉਦਯੋਗਿਕ ਸਮਰੱਥਾਵਾਂ ਦਾ ਵਿਸਥਾਰ ਕਰਨ ਦੇ ਨਾਲ-ਨਾਲ ਟਿਕਾਊ, ਹੁਨਰਮੰਦ ਤੇ ਲੰਬੇ ਸਮੇਂ ਦੇ ਰੋਜ਼ਗਾਰ ਸਬੰਧੀ ਰਣਨੀਤੀ ਨੂੰ ਦਰਸਾਉਂਦੀ ਹੈ, ਜੋ ਪੰਜਾਬ ਨੂੰ ਨੌਜਵਾਨਾਂ ਦੀ ਅਗਵਾਈ ਵਾਲੇ ਉਦਯੋਗਿਕ ਵਿਕਾਸ ਅਤੇ ਉੱਦਮਤਾ-ਆਧਾਰਤ ਆਰਥਿਕ ਵਿਸਥਾਰ ਲਈ ਕੇਂਦਰ ਵਜੋਂ ਸਥਾਪਿਤ ਕਰਦੀ ਹੈ। ਵਫ਼ਦ ਨੇ ਦਿਨ ਦੀ ਸ਼ੁਰੂਆਤ ਸਨਾਤਨ ਟੈਕਸਟਾਈਲ ਅਤੇ ਮਹਿੰਦਰਾ ਗਰੁੱਪ ਸਮੇਤ ਪ੍ਰਮੁੱਖ ਉਦਯੋਗ ਸਮੂਹਾਂ ਨਾਲ ਉੱਚ-ਪੱਧਰੀ ਮੀਟਿੰਗਾਂ ਨਾਲ ਕੀਤੀ, ਜਿੱਥੇ ਟੈਕਸਟਾਈਲ, ਆਟੋਮੋਟਿਵ, ਖੇਤੀ ਉਪਕਰਣ, ਰੱਖਿਆ ਨਿਰਮਾਣ ਅਤੇ ਸਪਲਾਈ-ਚੇਨ ਏਕੀਕਰਨ ਵਿੱਚ ਸੰਭਾਵਿਤ ਮੌਕਿਆਂ 'ਤੇ ਕੇਂਦਰਿਤ ਚਰਚਾ ਕੀਤੀ ਗਈ। ਇਨ੍ਹਾਂ ਮੀਟਿੰਗਾਂ ਦੌਰਾਨ ਨਵੇਂ ਨਿਵੇਸ਼ਾਂ ਦੇ ਨਾਲ-ਨਾਲ ਪੰਜਾਬ ਵਿੱਚ ਮੌਜੂਦਾ ਕਾਰਜਾਂ ਦੇ ਵਿਸਥਾਰ, ਰਾਜ ਦੇ ਹੁਨਰਮੰਦ ਕਾਰਜਬਲ, ਉਦਯੋਗਿਕ ਬੁਨਿਆਦੀ ਢਾਂਚੇ ਅਤੇ ਨੀਤੀ ਸਥਿਰਤਾ ਦਾ ਲਾਭ ਉਠਾਉਣ ਦੀਆਂ ਸੰਭਾਵਨਾਵਾਂ ਦੀ ਪੜਚੋਲ ਵੀ ਕੀਤੀ ਗਈ। ਇਸ ਵਿਸ਼ੇਸ਼ ਦਿਨ ਦਾ ਮੁੱਖ ਆਕਰਸ਼ਣ ਸੀਐਕਸਓ ਰਾਊਂਡਟੇਬਲ ਮੀਟਿੰਗ

ਸੀ, ਜਿਸ ਵਿੱਚ ਪ੍ਰਮੁੱਖ ਪ੍ਰਾਈਵੇਟ ਇਕੁਇਟੀ ਫਰਮਾਂ ਅਤੇ ਵਿੱਤੀ ਸੰਸਥਾਵਾਂ ਸ਼ਾਮਲ ਸਨ, ਜੋ ਪੰਜਾਬ ਦੇ ਐਮ.ਐਸ.ਐਮ.ਈਜ਼ ਨੂੰ ਵੱਡੇ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲੇ ਉੱਦਮਾਂ ਵਿੱਚ ਤਬਦੀਲ ਕਰਨ ਲਈ ਵਿੱਤੀ ਸੰਭਾਵਨਾਵਾਂ, ਪੂੰਜੀ ਨਿਵੇਸ਼ ਅਤੇ ਢਾਂਚਾਗਤ ਸਹਾਇਤਾ 'ਤੇ ਵਿਚਾਰ-ਵਟਾਂਦਰਾ ਕਰਨ ਲਈ ਬੁਲਾਈ ਗਈ ਸੀ। ਇਸ ਰਾਊਂਡਟੇਬਲ ਮੀਟਿੰਗ ਵਿੱਚ ਬੇਰਿੰਗ ਪ੍ਰਾਈਵੇਟ ਇਕੁਇਟੀ ਇੰਡੀਆ ਇਨਵੈਸਟਮੈਂਟ ਮੈਨੇਜਰਜ਼ ਐਲਐਲਪੀ, ਜੇਐਮ ਫਾਈਨੈਂਸ਼ੀਅਲ ਲਿਮਟਿਡ, ਐਵੇਂਡਸ ਵੈਲਥ ਮੈਨੇਜਮੈਂਟ, ਨਿਓ ਵੈਲਥ ਐਂਡ ਐਸੇਟ ਮੈਨੇਜਮੈਂਟ, ਓਏਕੇਐਸ ਐਸੇਟ ਮੈਨੇਜਮੈਂਟ, ਅਲਵਾਰੇਜ਼ ਐਂਡ ਮਾਰਸਲ ਅਤੇ ਥਿੰਕ ਲਾਅ ਦੀ ਸੀਨੀਅਰ ਲੀਡਰਸ਼ਿਪ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਲੰਬੇ ਸਮੇਂ ਲਈ ਨਿਵੇਸ਼, ਪ੍ਰਸ਼ਾਸਨਿਕ ਸਹਾਇਤਾ ਅਤੇ ਰਣਨੀਤਕ ਮਾਰਕੀਟ ਪਹੁੰਚ ਰਾਹੀਂ ਐਮ.ਐਸ.ਐਮ.ਈਜ਼ ਨੂੰ ਵੱਡੇ ਐਂਟਰਪ੍ਰਾਈਜ਼ ਵਿੱਚ ਤਬਦੀਲ ਕਰਨ 'ਤੇ ਚਰਚਾਵਾਂ ਕੀਤੀਆਂ ਗਈਆਂ ਤਾਂ ਜੋ ਪੰਜਾਬ ਨੂੰ ਐਮ.ਐਸ.ਐਮ.ਈਜ਼ ਅਗਵਾਈ ਵਾਲੇ ਉਦਯੋਗਿਕ ਵਿਕਾਸ ਲਈ ਪਸੰਦੀਦਾ ਸਥਾਨ ਵਜੋਂ ਸਥਾਪਤ ਕੀਤਾ ਜਾ ਸਕੇ। ਗੋਲਮੇਜ਼ ਮੀਟਿੰਗ ਦੌਰਾਨ ਇਨਵੈਸਟ ਪੰਜਾਬ ਦੇ ਸੀ.ਈ.ਓ. ਨੇ ਪੰਜਾਬ ਦੇ ਸੁਧਾਰ-ਸੰਚਾਲਿਤ ਸ਼ਾਸਨ ਢਾਂਚੇ, ਫਾਸਟ?ਰੈਕ ਪੰਜਾਬ ਸਿੰਗਲ-ਵਿੰਡੋ ਸਿਸਟਮ ਅਤੇ ਸਮਾਂ-ਬੱਧ ਪ੍ਰਵਾਨਗੀਆਂ ਬਾਰੇ ਵਿਸਥਾਰ ਵਿੱਚ ਪੇਸ਼ਕਾਰੀ ਦਿੱਤੀ, ਜਦੋਂ ਕਿ ਨਿਵੇਸ਼ ਪ੍ਰੋਤਸਾਹਨ ਦੇ ਪ੍ਰਸ਼ਾਸਕੀ ਸਕੱਤਰ ਨੇ ਨੀਤੀਗਤ ਨਿਸ਼ਚਤਤਾ ਅਤੇ ਨਿਵੇਸ਼ਕ ਸਹੂਲਤ ਪ੍ਰਤੀ ਸੂਬੇ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਇਹ ਸੈਸ਼ਨ ਇੰਟਰਐਕਟਿਵ ਓਪਨ ਹਾਊਸ ਅਤੇ ਨੈੱਟਵਰਕਿੰਗ ਲੰਚ ਨਾਲ ਸਮਾਪਤ ਹੋਇਆ, ਜਿਸ ਕਾਰਨ ਨਿਵੇਸ਼ਕਾਂ ਅਤੇ ਪੰਜਾਬ ਸਰਕਾਰ ਦੇ ਵਫ਼ਦ ਵਿਚਕਾਰ ਸਿੱਧੀ ਗੱਲਬਾਤ ਸੰਭਵ ਹੋਈ। ਗੋਲਮੇਜ਼ ਮੀਟਿੰਗ ਤੋਂ ਬਾਅਦ, ਵਫ਼ਦ ਨੇ ਯੂ.ਏ.ਈ.-ਅਧਾਰਤ ਡੀਪੀ ਵਰਲਡ ਨਾਲ ਮੀਟਿੰਗਾਂ ਕੀਤੀਆਂ ਤਾਂ ਜੋ ਪੰਜਾਬ ਦੀ ਨਿਰਯਾਤ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਲੌਜਿਸਟਿਕਸ, ਰੇਲ-ਲਿੰਕਡ ਇਨਲੈਂਡ ਟਰਮੀਨਲਾਂ ਅਤੇ ਮਲਟੀਮੋਡਲ ਬੁਨਿਆਦੀ ਢਾਂਚੇ 'ਤੇ ਚਰਚਾ ਕੀਤੀ ਜਾ ਸਕੇ। ਇਸ ਤੋਂ ਬਾਅਦ ਐਵੇਨਿਊ ਸੁਪਰਮਾਰਟਸ, ਯੂਪੀਐਲ ਲਿਮਟਿਡ ਅਤੇ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਮੈਨੇਜਮੈਂਟ ਨਾਲ ਗੱਲਬਾਤ ਕੀਤੀ ਗਈ, ਜਿਸ ਵਿੱਚ ਸੰਗਠਿਤ ਪ੍ਰਚੂਨ, ਖੇਤੀਬਾੜੀ - ਇਨਪੁਟਸ, ਭੋਜਨ ਪ੍ਰਣਾਲੀਆਂ ਅਤੇ ਖੇਡ ਸਿੱਖਿਆ ਅਤੇ ਬੁਨਿਆਦੀ ਢਾਂਚੇ ਵਰਗੇ ਖੇਤਰਾਂ 'ਤੇ ਚਰਚਾ ਕੀਤੀ ਗਈ। ਇਨ੍ਹਾਂ ਸ਼ਮੂਲੀਅਤਾਂ ਨੇ ਨਿਰਮਾਣ, ਸੇਵਾਵਾਂ, ਖੇਤੀਬਾੜੀ-ਕਾਰੋਬਾਰ, ਲੌਜਿਸਟਿਕਸ ਅਤੇ ਉੱਭਰ ਰਹੇ ਉਦਯੋਗਾਂ ਵਿੱਚ ਪੰਜਾਬ ਦੇ ਵਿਭਿੰਨ ਖੇਤਰੀ ਮੌਕਿਆਂ ਨੂੰ ਉਜਾਗਰ ਕੀਤਾ। ਇਨਵੈਸਟ ਇੰਡੀਆ ਦੇ ਇੱਕ ਨੁਮਾਇੰਦੇ ਨੇ ਵੀ ਪੰਜਾਬ ਸਰਕਾਰ ਦੇ ਵਫ਼ਦ ਦੇ ਨਾਲ ਦਿਨ ਦੇ ਸਮਾਗਮਾਂ ਵਿੱਚ ਹਿੱਸਾ ਲਿਆ, ਜਿਸ ਨਾਲ ਸੂਬੇ ਵਿੱਚ ਘਰੇਲੂ ਅਤੇ ਆਲਮੀ ਪੱਧਰ ਦੇ ਨਿਵੇਸ਼ ਆਕਰਸ਼ਿਤ ਕਰਨ ਅਤੇ ਪੰਜਾਬ ਦੀ ਨਿਵੇਸ਼ ਪਹੁੰਚ ਨੂੰ ਕੌਮੀ ਨਿਵੇਸ਼ ਪ੍ਰੋਤਸਾਹਨ ਪਹਿਲਕਦਮੀਆਂ ਦੀ ਤਰਜ਼ 'ਤੇ ਲੈ ਜਾਣ ਲਈ ਮਜ਼ਬੂਤੀ ਮਿਲੇਗੀ। ਮੁੰਬਈ ਨਿਵੇਸ਼ ਰੋਡ ਸ਼ੋਅ ਸੰਸਥਾਗਤ ਨਿਵੇਸ਼ਕਾਂ, ਉਦਯੋਗ ਦੇ ਮੋਹਰੀਆਂ ਅਤੇ ਵਿੱਤੀ ਭਾਈਵਾਲਾਂ ਨੂੰ ਸ਼ਾਮਲ ਕਰਨ ਲਈ ਮਜ਼ਬੂਤ ਪਲੇਟਫਾਰਮ ਵਜੋਂ ਕੰਮ ਕਰਦਾ ਰਹੇਗਾ ਹੈ ਅਤੇ ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ 2026 ਵਿੱਚ ਉਨ੍ਹਾਂ ਦੀ ਭਾਗੀਦਾਰੀ ਲਈ ਰਸਮੀ ਤੌਰ 'ਤੇ ਸੱਦਾ ਹੈ । ਸਮਾਗਮਾਂ ਨੇ ਇੱਕ ਸਥਿਰ ਅਤੇ ਨਿਵੇਸ਼ਕ-ਅਨੁਕੂਲ ਵਾਤਾਵਰਣ ਪ੍ਰਣਾਲੀ ਰਾਹੀਂ ਕਾਰੋਬਾਰਾਂ ਨੂੰ ਵਧਾਉਣ, ਖੋਜ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਕੌਮੀ ਤੇ ਆਲਮੀ ਬਾਜ਼ਾਰਾਂ ਨਾਲ ਏਕੀਕਰਨ ਲਈ ਪੰਜਾਬ ਦੀ ਤਿਆਰੀ ਨੂੰ ਪੇਸ਼ ਕੀਤਾ।

ਮਣੀਪੁਰ 'ਚ ਮੁੜ ਬਹਾਲ ਹੋਈ ਲੋਕਤੰਤਰੀ ਸਰਕਾਰ, ਯੁਮਨਾਮ ਖੇਮਚੰਦ ਸਿੰਘ ਨੇ ਮੁੱਖ ਮੰਤਰੀ ਵਜੋਂ ਚੁੱਕੀ ਸਹੁੰ

ਇੰਫਾਲ, 4 ਫਰਵਰੀ : ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਯੁਮਨਾਮ ਖੇਮਚੰਦ ਸਿੰਘ ਨੇ ਬੁੱਧਵਾਰ ਨੂੰ ਮਣੀਪੁਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਇੰਫਾਲ ਸਥਿਤ 'ਲੋਕ ਭਵਨ' ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਰਾਜਪਾਲ ਅਜੈ ਕੁਮਾਰ ਭੱਲਾ ਨੇ ਸਿੰਘ ਨੂੰ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ। ਸੂਬੇ ਵਿੱਚ ਰਾਸ਼ਟਰਪਤੀ ਸ਼ਾਸਨ ਹਟਾਏ ਜਾਣ ਦੇ ਕੁਝ ਘੰਟਿਆਂ ਬਾਅਦ ਹੀ ਇਹ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਅਸ਼ਾਂਤ ਹਾਲਾਤਾਂ ਕਾਰਨ ਮਣੀਪੁਰ ਪਿਛਲੇ ਸਾਲ ਫਰਵਰੀ ਤੋਂ ਰਾਸ਼ਟਰਪਤੀ ਸ਼ਾਸਨ ਦੇ ਅਧੀਨ ਸੀ। ਹੁਣ ਨਵੀਂ ਸਰਕਾਰ ਦੇ ਗਠਨ ਨਾਲ ਰਾਜ ਵਿੱਚ ਮੁੜ ਲੋਕਤੰਤਰੀ ਪ੍ਰਕਿਰਿਆ ਦੀ ਸ਼ੁਰੂਆਤ ਹੋ ਗਈ ਹੈ। ਸਹੁੰ ਚੁੱਕ ਸਮਾਗਮ ਵਿੱਚ ਸਿਆਸੀ ਹਲਕਿਆਂ ਦੀਆਂ ਪ੍ਰਮੁੱਖ ਹਸਤੀਆਂ ਸ਼ਾਮਲ ਹੋਈਆਂ। ਇਸ ਮੌਕੇ ਭਾਜਪਾ ਦੇ ਕਈ ਵਿਧਾਇਕ, ਪਾਰਟੀ ਦੇ ਸੀਨੀਅਰ ਅਹੁਦੇਦਾਰ ਅਤੇ ਰਾਜ ਦੇ ਚੋਟੀ ਦੇ ਰਾਸ਼ਟਰੀ ਜਮਹੂਰੀ ਗਠਜੋੜ (NDA) ਦੇ ਆਗੂ ਮੌਜੂਦ ਸਨ। ਇਸ ਤੋਂ ਪਹਿਲਾਂ ਹੋਈ ਵਿਧਾਇਕ ਦਲ ਦੀ ਬੈਠਕ ਵਿੱਚ ਯੁਮਨਾਮ ਖੇਮਚੰਦ ਸਿੰਘ ਨੂੰ ਸਰਵਸੰਮਤੀ ਨਾਲ ਨੇਤਾ ਚੁਣਿਆ ਗਿਆ ਸੀ। ਉਹ ਪਹਿਲਾਂ ਵੀ ਰਾਜ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਅ ਚੁੱਕੇ ਹਨ ਅਤੇ ਸਿੰਘਜਾਮੇਈ ਹਲਕੇ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ।

ਰਵਨੀਤ ਬਿੱਟੂ ਨੇ ਕਾਂਗਰਸ ਨਾਲ ਗੱਦਾਰੀ ਕੀਤੀ : ਰਾਜਾ ਵੜਿੰਗ

ਵੈੱਬ ਡੈਸਕ, 4 ਫਰਵਰੀ : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਰਤੀ ਜਨਤਾ ਪਾਰਟੀ ਦੇ ਆਗੂ ਰਵਨੀਤ ਸਿੰਘ ਬਿੱਟੂ 'ਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਬਿੱਟੂ ਨੂੰ ÷ਗੱਦਾਰ÷ ਕਰਾਰ ਦਿੰਦਿਆਂ ਕਿਹਾ ਕਿ ਉਸ ਨੇ ਉਸ ਪਾਰਟੀ ਨਾਲ ਧੋਖਾ ਕੀਤਾ ਹੈ ਜਿਸ ਨੇ ਉਸ ਨੂੰ ਸਭ ਕੁਝ ਦਿੱਤਾ ਸੀ। ਰਾਜਾ ਵੜਿੰਗ ਨੇ ਬਿੱਟੂ ਦੇ ਸਿਆਸੀ ਸਫ਼ਰ ਵਿੱਚ ਕਾਂਗਰਸ ਅਤੇ ਖਾਸ ਕਰਕੇ ਰਾਹੁਲ ਗਾਂਧੀ ਦੀ ਭੂਮਿਕਾ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਬਿੱਟੂ ਨੂੰ ਤਿੰਨ ਵਾਰ ਲੋਕ ਸਭਾ ਮੈਂਬਰ ਬਣਾਇਆ। ਬਿੱਟੂ ਨੂੰ ਇੰਡੀਅਨ ਯੂਥ ਕਾਂਗਰਸ (IYC)

ਦਾ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ ਸੀ। ਵੜਿੰਗ ਅਨੁਸਾਰ, ਰਾਹੁਲ ਗਾਂਧੀ ਹੀ ਉਹ ਵਿਅਕਤੀ ਸਨ ਜਿਨ੍ਹਾਂ ਨੇ ਬਿੱਟੂ ਨੂੰ ਦਸਤਾਰ (ਪੱਗ) ਸਜਾਉਣ ਲਈ ਪ੍ਰੇਰਿਤ ਕੀਤਾ ਸੀ। ਵੜਿੰਗ ਨੇ ਰਵਨੀਤ ਬਿੱਟੂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਉਸ ਦੀ ਵਰਤੋਂ ਸਿਰਫ਼ ਇੱਕ ਸੀਮਿਤ ਸਮੇਂ ਲਈ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਜਪਾ ਬਿੱਟੂ ਦੀ ਵਰਤੋਂ "ਐਕਸਪਾਇਰੀ ਡੇਟ" ਦੇ ਨਾਲ ਕਰ ਰਹੀ ਹੈ, ਯਾਨੀ ਕਿ ਉਸ ਦੀ ਸਿਆਸੀ ਅਹਿਮੀਅਤ ਜਲਦੀ ਖ਼ਤਮ ਹੋ ਜਾਵੇਗੀ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ TraitorBittu ਹੈਸ਼ਟੈਗ ਦੀ ਵਰਤੋਂ ਕਰਦਿਆਂ ਕਿਹਾ ਕਿ ÷ਇੱਕ ਵਾਰ ਦਾ ਗੱਦਾਰ, ਹਮੇਸ਼ਾ ਲਈ ਗੱਦਾਰ ਹੁੰਦਾ ਹੈ। ਇਸ ਦੇ ਨਾਲ ਹੀ ਵੜਿੰਗ ਨੇ ਇਕ ਪੁਰਾਣੀ ਵੀਡੀਓ ਵੀ ਸ਼ੇਅਰ ਕੀਤੀ ਹੈ। ਜਿਸ ਵਿਚ ਰਵਨੀਤ ਬਿੱਟੂ ਕਹਿੰਦੇ ਦਿਖਾਈ ਦੇ ਰਹੇ ਹਨ ਕਿ ਉਹ ਰਾਹੁਲ ਗਾਂਧੀ ਕਾਰਨ ਪੱਗ ਬੰਨ੍ਹਣ ਲੱਗੇ ਹਨ।

ਹੁਣ WhatsApp ਵਰਤਣ ਲਈ ਦੇਣੇ ਪੈਣਗੇ ਪੈਸੇ ! Meta ਲਿਆ ਰਿਹਾ ਵੱਡਾ ਬਦਲਾਅ, ਜਾਣੋ ਕੀ ਹੈ ਪੂਰੀ ਸੱਚਾਈ

ਨਵੀਂ ਦਿੱਲੀ, 4 ਫਰਵਰੀ : ਦੁਨੀਆ ਭਰ ਵਿੱਚ ਕਰੋੜਾਂ ਲੋਕਾਂ ਵੱਲੋਂ ਵਰਤੀ ਜਾਣ ਵਾਲੀ ਮੈਸੇਜਿੰਗ ਐਪ ਵਟਸਐਪ ਹੁਣ ਆਪਣੇ ਰੂਪ ਵਿੱਚ ਇੱਕ ਵੱਡਾ ਬਦਲਾਅ ਕਰਨ ਜਾ ਰਹੀ ਹੈ। ਮੈਟਾ (Meta)ਨੇ ਅਧਿਕਾਰਤ ਤੌਰ 'ਤੇ ਪੁਸ਼ਟੀ ਕਰ ਦਿੱਤੀ ਹੈ ਕਿ ਉਹ ਜਲਦੀ ਹੀ ਵਟਸਐਪ ਲਈ ਇੱਕ ਸਬਸਕ੍ਰਿਪਸ਼ਨ ਮਾਡਲ ਪੇਸ਼ ਕਰਨ ਜਾ ਰਹੀ ਹੈ, ਜਿਸ ਤਹਿਤ ਵਾਧੂ ਫੀਚਰਸ ਅਤੇ ਬਿਨਾਂ ਇਸ਼ਤਿਹਾਰਾਂ ਦੇ ਐਪ ਦੀ ਵਰਤੋਂ ਕਰਨ ਲਈ ਯੂਜ਼ਰਸ ਨੂੰ ਪੈਸੇ ਖਰਚਣੇ ਪੈ ਸਕਦੇ ਹਨ। ਹਾਲਾਂਕਿ, ਇਸ ਖਬਰ ਨਾਲ ਆਮ ਵਰਤੋਂਕਾਰਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਕੰਪਨੀ ਨੇ ਸਪੱਸ਼ਟ ਕੀਤਾ ਹੈ ਕਿ ਮੈਸੇਜਿੰਗ, ਕਾਲਿੰਗ ਅਤੇ ਹੋਰ ਬੁਨਿਆਦੀ ਸੇਵਾਵਾਂ ਪਹਿਲਾਂ ਵਾਂਗ ਹੀ ਪੂਰੀ ਤਰ੍ਹਾਂ ਮੁਫ਼ਤ ਰਹਿਣਗੀਆਂ। ਇਹ ਨਵਾਂ ਮਾਡਲ ਕਾਫ਼ੀ ਹੱਦ ਤੱਕ ਯੂਟਿਊਬ (YouTube) ਦੇ ਸਿਸਟਮ ਵਰਗਾ ਹੋਵੇਗਾ, ਜਿੱਥੇ ਮੁਫ਼ਤ ਯੂਜ਼ਰਸ ਵੀ ਐਪ ਦੀ ਵਰਤੋਂ ਕਰ ਸਕਣਗੇ ਪਰ ਕੁਝ ਖਾਸ ਸਹੂਲਤਾਂ ਸਿਰਫ਼ ਪ੍ਰੀਮੀਅਮ ਗਾਹਕਾਂ ਲਈ ਹੀ ਉਪਲਬਧ ਹੋਣਗੀਆਂ। ਮੈਟਾ ਦਾ ਮੁੱਖ ਉਦੇਸ਼ ਹੁਣ ਵਟਸਐਪ ਨੂੰ ਕਮਾਈ ਦਾ ਇੱਕ ਵੱਡਾ ਜ਼ਰੀਆ ਬਣਾਉਣਾ ਹੈ, ਜਿਸ ਲਈ ਪ੍ਰੀਮੀਅਮ ਸੇਵਾ ਦੇ ਤਹਿਤ ਕਈ ਵਿਸ਼ੇਸ਼ ਫੀਚਰ ਦਿੱਤੇ ਜਾਣਗੇ। ਇਸ ਸਬਸਕ੍ਰਿਪਸ਼ਨ ਨੂੰ ਲੈਣ ਵਾਲੇ ਯੂਜ਼ਰਸ ਨੂੰ ਸਟੇਟਸ ਟੈਬ ਵਿੱਚ ਕੋਈ ਇਸ਼ਤਿਹਾਰ ਨਹੀਂ ਦਿਖਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਤਿੰਨ ਤੋਂ ਵੱਧ ਚੈਟਾਂ ਨੂੰ ਪਿਨ ਕਰਨ ਦੀ ਸਹੂਲਤ ਮਿਲੇਗੀ। ਇਸ ਤੋਂ ਇਲਾਵਾ, ਪ੍ਰੀਮੀਅਮ ਗਾਹਕਾਂ ਨੂੰ ਐਪ ਦੇ ਆਈਕਨ ਬਦਲਣ, ਨਵੇਂ ਥੀਮਾਂ ਦੀ ਚੋਣ ਕਰਨ, ਵਿਸ਼ੇਸ਼ ਸਟਿੱਕਰ ਪੈਕ ਅਤੇ ਹਰੇਕ ਸੰਪਰਕ ਲਈ ਵੱਖ-ਵੱਖ ਨੋਟੀਫਿਕੇਸ਼ਨ ਰਿੰਗਟੋਨ ਲਗਾਉਣ ਵਰਗੇ ਕਸਟਮਾਈਜ਼ੇਸ਼ਨ ਵਿਕਲਪ ਵੀ ਦਿੱਤੇ ਜਾਣਗੇ। ਫਿਲਹਾਲ ਕੰਪਨੀ ਨੇ ਇਸ ਸਬਸਕ੍ਰਿਪਸ਼ਨ ਦੀ ਕੀਮਤ ਜਾਂ ਇਸ ਨੂੰ ਲਾਂਚ ਕਰਨ ਦੀ ਅਧਿਕਾਰਤ ਮਿਤੀ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਹੈ। ਹਾਲਾਂਕਿ, ਵਟਸਐਪ ਦੇ ਬੀਟਾ ਵਰਜ਼ਨ 2.26.3.9 ਦੇ ਕੋਡ ਵਿੱਚ ਇਸ ਦੇ ਸੰਕੇਤ ਮਿਲੇ ਹਨ।

'ਵਕੀਲ' ਬਣੀ ਮਮਤਾ ਬੈਨਰਜੀ ! SIR ਨੂੰ ਲੈ ਕੇ ਸੁਪਰੀਮ ਕੋਰਟ 'ਚ ਖ਼ੁਦ ਪੇਸ਼ ਕੀਤੀਆਂ ਦਲੀਲਾਂ, ਚੋਣ ਕਮਿਸ਼ਨ ਨੂੰ...

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ, 4 ਫਰਵਰੀ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਬੁੱਧਵਾਰ ਨੂੰ ਸੁਪਰੀਮ ਕੋਰਟ ਵਿੱਚ ਆਪਣਾ ਕੇਸ

ਕਰੋੜਾਂ ਦੀ ਜ਼ਮੀਨ ਕੌਡੀਆਂ ਦੇ ਭਾਅ SALE, ਗੁਰਦੁਆਰਾ ਅੰਬ ਸਾਹਿਬ ਜ਼ਮੀਨ ਮਾਮਲੇ 'ਤੇ ਧਾਮੀ ਦਾ ਵੱਡਾ ਬਿਆਨ

ਚੰਡੀਗੜ੍ਹ/ਅੰਮ੍ਰਿਤਸਰ, 4 ਫਰਵਰੀ : ਮੋਹਾਲੀ ਦੇ ਫੇਜ਼-8 ਵਿਖੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਨਾਲ ਸਬੰਧਿਤ ਕਰੋੜਾਂ ਰੁਪਏ ਮੁੱਲ ਦੀ 44 ਮਰਲੇ ਜ਼ਮੀਨ ਨੂੰ ਕੌਡੀਆਂ ਦੇ ਭਾਅ ਵੇਚਣ ਦੇ ਗੰਭੀਰ ਮਾਮਲੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰੈੱਸ ਕਾਨਫਰੰਸ ਕਰਕੇ ਸਖ਼ਤ ਰੁਖ ਅਪਣਾਇਆ ਹੈ। ਧਾਮੀ ਨੇ ਸਾਫ਼ ਕਿਹਾ ਕਿ ਇਹ ਮਾਮਲਾ ਗੁਰੂ ਘਰ ਦੀ ਅਮਾਨਤ ਨਾਲ ਧੋਖਾ ਹੈ ਅਤੇ ਮੈਂ ਕਿਸੇ ਵੀ ਹਾਲਤ 'ਚ ਕੋਈ ਸਮਝੌਤਾ ਨਹੀਂ ਕਰਾਂਗਾ। ਪ੍ਰੈੱਸ ਕਾਨਫਰੰਸ ਦੌਰਾਨ ਐੱਸ. ਜੀ. ਪੀ. ਸੀ. ਪ੍ਰਧਾਨ ਨੇ ਦੱਸਿਆ ਕਿ ਮਾਮਲੇ 'ਚ ਸ਼ਾਮਲ ਮੈਨੇਜਰ ਨੂੰ ਤੁਰੰਤ ਸਸਪੈਂਡ ਕਰ ਦਿੱਤਾ ਗਿਆ ਹੈ ਅਤੇ ਉਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਸਿਫ਼ਾਰਿਸ਼ ਵੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੈਨੇਜਰ ਨੇ ਆਪਣੇ ਬਿਆਨ 'ਚ ਆਪ ਮੰਨਿਆ ਹੈ ਕਿ ਧੋਖੇ ਨਾਲ ਜ਼ਮੀਨ ਦੇ ਜਾਅਲੀ ਦਸਤਾਵੇਜ਼ ਤਿਆਰ ਕਰਵਾਏ ਗਏ ਅਤੇ ਉਨ੍ਹਾਂ ਦੇ ਆਧਾਰ 'ਤੇ ਜ਼ਮੀਨ ਦੀ ਰਜਿਸਟਰੀ ਕਰਵਾਈ ਗਈ।

ਇਹ ਵੀ ਪੜ੍ਹੋ : ਨਕੋਦਰ 'ਚ ਦਿਨ ਚੜ੍ਹਦਿਆਂ ਹੀ ਵੱਡਾ ਐਨਕਾਊਂਟਰ, ਦੋਹਾਂ ਪਾਸਿਓਂ ਚੱਲੀਆਂ ਤਾੜ-ਤਾੜ ਗੋਲੀਆਂ

ਧਾਮੀ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਮੈਨੇਜਰ ਨੂੰ ਇਕੱਲੇ ਤੌਰ 'ਤੇ ਐੱਸ. ਜੀ. ਪੀ. ਸੀ. ਦੀ ਜ਼ਮੀਨ ਵੇਚਣ ਜਾਂ ਰਜਿਸਟਰੀ

ਕਰਵਾਉਣ ਦਾ ਅਧਿਕਾਰ ਨਹੀਂ। ਉਨ੍ਹਾਂ ਕਿਹਾ ਕਿ ਐੱਸ. ਜੀ. ਪੀ. ਸੀ. ਦੀ ਹਰ ਜ਼ਮੀਨ ਪਹਿਲਾਂ ਓਪਨ ਬੋਲੀ, ਫਿਰ ਐਗਜ਼ੈਕਟਿਵ ਕਮੇਟੀ ਦੀ ਮਨਜ਼ੂਰੀ ਤੋਂ ਬਾਅਦ ਹੀ ਵੇਚੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਪੂਰੀ ਪ੍ਰਕਿਰਿਆ ਨੂੰ ਤੋੜਿਆ ਗਿਆ, ਜੋ ਸਾਫ਼ ਤੌਰ 'ਤੇ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਐੱਸ. ਜੀ. ਪੀ. ਸੀ. ਪ੍ਰਧਾਨ ਨੇ ਦੱਸਿਆ ਕਿ ਸੈਣੀਮਾਜਰਾ ਪਿੰਡ 'ਚ ਹੋਈ ਰਜਿਸਟਰੀ ਨੂੰ ਰੱਦ ਕਰਵਾਉਣ ਲਈ ਤਹਿਸੀਲਦਾਰ ਕੋਲ ਇਤਰਾਜ਼ ਦਰਜ ਕਰਵਾ ਦਿੱਤਾ ਗਿਆ ਹੈ ਅਤੇ ਐੱਸ. ਡੀ. ਐੱਮ. ਪੱਧਰ 'ਤੇ ਇੰਤਕਾਲ ਰੋਕਣ ਦੀ ਕਾਰਵਾਈ ਵੀ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜ਼ਮੀਨ ਖ਼ਰੀਦਣ ਵਾਲੇ ਵਿਅਕਤੀਆਂ ਦੀ ਭੂਮਿਕਾ ਦੀ ਵੀ ਪੂਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਰਿਪੋਰਟ ਆਉਣ 'ਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮਾਮਲੇ ਦੀ ਡੂੰਘੀ ਜਾਂਚ ਲਈ ਐੱਸ. ਜੀ. ਪੀ. ਸੀ. ਵੱਲੋਂ 5 ਮੈਂਬਰਾਂ ਦੀ ਸਬ-ਕਮੇਟੀ ਵੀ ਬਣਾਈ ਗਈ ਹੈ, ਜੋ ਸਾਰੇ ਤੱਥਾਂ ਦੀ ਜਾਂਚ ਕਰਕੇ ਰਿਪੋਰਟ ਪੇਸ਼ ਕਰੇਗੀ। ਨਾਲ ਹੀ ਵਿਭਾਗੀ ਅਤੇ ਕਾਨੂੰਨੀ ਦੋਵੇਂ ਤਰ੍ਹਾਂ ਦੀ ਕਾਰਵਾਈ ਇਕੱਠੇ ਚਲਾਈ ਜਾ ਰਹੀ ਹੈ।

ਐੱਸ. ਜੀ. ਪੀ. ਸੀ. ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਦਿੱਤੀ ਚਿਤਾਵਨੀ

ਹਰਜਿੰਦਰ ਸਿੰਘ ਧਾਮੀ ਨੇ ਐੱਸ. ਜੀ. ਪੀ. ਸੀ. ਦੇ ਸਮੂਹ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਚਾਹੇ ਕੋਈ ਵੱਡਾ ਹੋਵੇ ਜਾਂ ਛੋਟਾ, ਗੁਰੂ ਘਰ ਦੀ ਜਾਇਦਾਦ ਨਾਲ ਧੋਖਾ ਕਰਨ ਵਾਲੇ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਐੱਸ. ਜੀ. ਪੀ. ਸੀ. ਦੀ ਜ਼ਮੀਨ ਸੰਗਤ ਦੀ ਅਮਾਨਤ ਹੈ ਅਤੇ ਇਸ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ। ਦੱਸਣਯੋਗ ਹੈ ਕਿ ਮੋਹਾਲੀ ਦੇ ਫੇਜ਼-8 ਸਥਿਤ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਦੀ ਪਿੰਡ ਸੈਣੀਮਾਜਰਾ 'ਚ ਪੈਂਦੀ ਕਰੋੜਾਂ ਰੁਪਏ ਦੀ ਜ਼ਮੀਨ ਨੂੰ ਗੁਰਦੁਆਰੇ ਦੇ ਮੈਨੇਜਰ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਦੀ ਕਥਿਤ ਮਿਲੀ-ਭੁਗਤ ਨਾਲ ਬਿਨਾਂ ਕਿਸੇ ਖੁੱਲ੍ਹੀ ਬੋਲੀ ਦੇ ਵੇਚ ਦਿੱਤਾ ਗਿਆ। ਐੱਸ. ਜੀ. ਪੀ. ਸੀ. ਦੇ ਸਕੱਤਰ ਵਲੋਂ ਆਪਣੇ ਪੱਤਰ 'ਚ ਇਹ ਲਿਖਿਆ ਗਿਆ ਕਿ ਉਕਤ ਜ਼ਮੀਨ 'ਤੇ ਕੁੱਝ ਲੋਕਾਂ ਵਲੋਂ ਕਥਿਤ ਤੌਰ 'ਤੇ ਕਬਜ਼ੇ ਕੀਤੇ ਹੋਏ ਹਨ, ਇਸ ਲਈ ਇਹ ਜ਼ਮੀਨ ਵੇਚ ਦਿੱਤੀ ਜਾਵੇ। ਇਸ ਤੋਂ ਬਾਅਦ ਬਿਨਾਂ ਕਿਸੇ ਨਿਯਮ ਦੇ ਇਸ 44 ਮਰਲੇ ਦੀ ਜ਼ਮੀਨ ਨੂੰ ਸਿਰਫ 1 ਕਰੋੜ 32 ਲੱਖ ਰੁਪਏ 'ਚ ਵੇਚ ਦਿੱਤਾ ਗਿਆ, ਜਦੋਂ ਕਿ ਇਸ ਜ਼ਮੀਨ ਦੀ ਕੀਮਤ 15-20 ਕਰੋੜ ਰੁਪਏ ਬਣਦੀ ਹੈ। ਇਸ ਤੋਂ ਬਾਅਦ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਪਰਮਜੀਤ ਕੌਰ ਲਾਂਡਰਾ ਅਤੇ ਸਥਾਨਕ ਵਾਸੀਆਂ ਵਲੋਂ ਐੱਸ. ਜੀ. ਪੀ. ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕੋਲ ਇਸ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਸੀ।

ਨੌਕਰੀ ਲੱਗਣ ਤੋਂ ਪਹਿਲਾਂ ਹੀ ਮਾਲਕਾਂ ਨਾਲ ਠੱਗੀ ! ਘਰ ਦਾ ਮੰਦਰ ਵੀ ਨਾ ਬਖਸ਼ਿਆ

ਲੁਧਿਆਣਾ, 4 ਫਰਵਰੀ : ਘਰ ਵਿਚ ਅਣਜਾਣ ਵਿਅਕਤੀ ਨੂੰ ਬਿਨਾਂ ਜਾਂਚ-ਪੜਤਾਲ ਦੇ ਦਾਖ਼ਲ ਕਰਨਾ ਕਿੰਨਾ ਜੋਖਮ ਭਰਿਆ ਹੋ ਸਕਦਾ ਹੈ, ਇਸ ਦੀ ਇਕ ਤਾਜ਼ਾ ਮਿਸਾਲ ਲੁਧਿਆਣਾ ਵਿਚ ਦੇਖਣ ਨੂੰ ਮਿਲੀ ਹੈ। ਇੱਥੇ ਇਕ ਘਰ ਵਿਚ ਖਾਣਾ ਬਣਾਉਣ ਦਾ 'ਟ?ਾਇਲ' ਦੇਣ ਆਏ ਸ਼ੱਖਸ ਨੇ ਹੱਥ ਸਾਫ਼ ਕਰਦਿਆਂ ਘਰ ਦੇ ਮੰਦਰ ਵਿਚ ਰੱਖੀ ਬੇਸ਼ਕੀਮਤੀ ਚਾਂਦੀ 'ਤੇ ਡਾਕਾ ਮਾਰ ਦਿੱਤਾ ਅਤੇ ਚਾਂਦੀ ਦਾ ਸਾਮਾਨ ਲੈ ਕੇ ਰਫੂਚੱਕਰ ਹੋ ਗਿਆ। ਇਸ ਮਾਮਲੇ ਵਿਚ ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਨੇ ਗੁਰਦੇਵ ਨਗਰ ਦੇ ਵਿਜੇ ਘਈ ਦੀ ਸ਼ਿਕਾਇਤ 'ਤੇ ਮੁਲਜ਼ਮ ਨੌਕਰ ਅਜੇ ਕੁਮਾਰ ਖ਼?ਲਾਫ਼ ਕੇਸ ਦਰਜ ਕਰ ਲਿਆ ਹੈ ਅਤੇ ਉਸ ਦੀ ਭਾਲ ਕਰ ਰਹੀ ਹੈ। ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ ਸਨਾ ਖੁਰਾਨਾ ਨਾਮਕ ਵਿਅਕਤੀ ਨੇ 16 ਜਨਵਰੀ ਨੂੰ ਅਜੇ ਕੁਮਾਰ ਨੂੰ ਉਨ੍ਹਾਂ ਦੇ ਘਰ ਕੁੱਕ ਦਾ ਕੰਮ ਲਈ ਭੇਜਿਆ ਸੀ। ਅਗਲੇ ਦਿਨ ਯਾਨੀ 17 ਜਨਵਰੀ ਦੀ ਸਵੇਰ ਕਰੀਬ 11 ਵਜੇ ਅਜੇ ਕੰਮ ਦੇ ਸਿਲਸਿਲੇ ਵਿਚ ਘਰ ਪਹੁੰਚਿਆ।

ਮਜੀਠੀਆ ਦੇ ਆਉਣ ਨਾਲ ਭਗਵੰਤ ਮਾਨ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ: ਕਮਲਜੀਤ ਸਿੰਘ ਕੁਲਾਰ

ਟਾਂਡਾ, 4 ਫਰਵਰੀ : ਪੰਜਾਬ ਦੇ ਨਿਧੜਕ ਨੌਜਵਾਨ ਲੀਡਰ, ਸਾਬਕਾ ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਦੇ ਬਾਹਰ ਆਉਣ ਨਾਲ ਭਗਵੰਤ ਮਾਨ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਜਿਸ ਨਾਲ ਆਮ ਆਦਮੀ ਪਾਰਟੀ ਵਿੱਚ ਉਥਲ-ਪੁਥਲ ਸ਼ੁਰੂ ਹੋ ਗਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਉੜਮੁੜ ਟਾਂਡਾ ਦੇ ਸੀਨੀਅਰ ਯੂਥ ਅਕਾਲੀ ਦਲ ਦੇ ਨੌਜਵਾਨ ਲੀਡਰ ਕਮਲਜੀਤ ਸਿੰਘ ਕੁਲਾਰ ਨੇ ਪ੍ਰੈੱਸ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਬਿਕਰਮ ਸਿੰਘ ਮਜੀਠੀਆ 'ਤੇ ਝੂਠਾ ਨਾਜਾਇਜ਼ ਕੇਸ ਬਣਾ ਕੇ ਜੇਲ੍ਹ ਵਿੱਚ ਡੱਕਿਆ ਪਰ ਭਗਵੰਤ ਮਾਨ ਸਰਕਾਰ ਨੂੰ ਸੁਪਰੀਮ ਕੋਰਟ ਵਿੱਚ ਮੂੰਹ ਦੀ ਖਾਣੀ ਪਈ। ਸਰਕਾਰਾਂ ਆਉਂਦੀਆਂ ਅਤੇ ਜਾਂਦੀਆਂ ਰਹਿੰਦੀਆਂ ਹਨ। ਜਦੋਂ ਸਰਕਾਰਾਂ ਬਦਲਾਖੋਰੀ ਦੀ ਰਾਜਨੀਤੀ ਕਰਨ ਲੱਗ ਜਾ, ਉਦੋਂ ਲੋਕਤੰਤਰ ਦੀਆਂ ਧੱਜੀਆਂ ਉੱਡ ਜਾਂਦੀਆਂ ਹਨ ਅਤੇ ਨੁਕਸਾਨ ਜਨਤਾ ਤੇ ਸਟੇਟ ਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਵੱਲੋਂ ਬੇਬਾਕੀ ਨਾਲ ਪੰਜਾਬ ਦੇ ਲੋਕਾਂ ਦੀ ਗੱਲ ਕਰਨੀ, ਲੋਕਾਂ ਦੇ ਮਸਲੇ ਉਠਾਉਣੇ ਅਤੇ ਸਰਕਾਰ ਦੀਆਂ ਨਾਲਾਇਕੀਆਂ ਲੋਕਾਂ ਸਾਹਮਣੇ ਰੱਖਣੀਆਂ, ਇਹ ਸਭ ਭਗਵੰਤ ਸਰਕਾਰ ਤੋਂ ਬਰਦਾਸ਼ਤ ਨਹੀ ਹੋਇਆ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਿੱਚ ਪੰਜਾਬ ਦਾ ਸਮੁੱਚਾ ਨੌਜਵਾਨ ਵਰਗ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ 2027 'ਚ ਬਣਾਉਣ ਲਈ ਕੋਈ ਕਸਰ ਨਹੀਂ ਛੱਡੇਗਾ ਅਤੇ ਸੁਖਬੀਰ ਸਿੰਘ ਬਾਦਲ ਨੂੰ ਕੋਈ ਵੀ ਤਾਕਤ ਮੁੱਖ ਮੰਤਰੀ ਬਣਨ ਤੋਂ ਰੋਕ ਨਹੀਂ ਸਕੇਗੀ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਦਿਨੋਂ-ਦਿਨ ਲਹਿਰ ਬਣਦੀ ਜਾ ਰਹੀ ਹੈ, ਜੋ ਭਗਵੰਤ ਸਿੰਘ ਮਾਨ ਤੋਂ ਬਰਦਾਸ਼ਤ ਨਹੀਂ ਹੋ ਰਹੀ।

ਆਮ ਆਦਮੀ ਪਾਰਟੀ ਦੇ ਚਿਹਰੇ ਤੋਂ ਝੂਠੇ ਇਨਕਲਾਬ ਦਾ ਮਖੌਟਾ ਲੱਥ ਚੁੱਕਾ ਹੈ। ਇਸ ਮੌਕੇ ਉਨ੍ਹਾਂ ਨਾਲ ਹਲਕੇ ਦੇ ਨੌਜਵਾਨ ਹਾਜ਼ਰ ਸਨ।

ਫਿਰ ਵੱਡੀ ਵਾਰਦਾਤ ਨਾਲ ਕੰਬਿਆ ਪੰਜਾਬ, ਸ਼ਰੇਆਮ ਨੌਜਵਾਨ ਦਾ ਕਤਲ

ਅਬੋਹਰ, 4 ਫਰਵਰੀ : ਨੇੜਲੇ ਪਿੰਡ ਭਾਗਸਰ ਦੇ ਇਕ ਨੌਜਵਾਨ ਨੂੰ ਕੱਲ੍ਹ ਪਿੰਡ ਦੇ ਹੀ ਕੁਝ ਲੋਕਾਂ ਨੇ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ, ਜੋ ਮੌਕੇ ਤੋਂ ਭੱਜ ਗਏ। ਥਾਣਾ ਬਹਾਵਵਾਲਾ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਅਬੋਹਰ ਦੇ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿਚ ਰਖਵਾਇਆ ਹੈ। ਮ੍ਰਿਤਕ ਦਾ ਪਰਿਵਾਰ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਖ਼ਤ ਕਾਰਵਾਈ ਦੀ ਮੰਗ ਕਰ ਰਿਹਾ ਹੈ। ਮ੍ਰਿਤਕ ਇਕ ਬੱਚੇ ਦਾ ਪਿਤਾ ਸੀ। ਇਸ ਘਟਨਾ ਵਿਚ ਮ੍ਰਿਤਕ ਦਾ ਇਕ ਦੋਸਤ ਵੀ ਗੰਭੀਰ ਜ਼ਖਮੀ ਹੋ ਗਿਆ ਅਤੇ ਮੁੱਢਲੀ ਸਹਾਇਤਾ ਤੋਂ ਬਾਅਦ ਉਸਨੂੰ ਬਠਿੰਡਾ ਰੈਫਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਮ੍ਰਿਤਕ 35 ਸਾਲਾ ਪ੍ਰਹਿਲਾਦ ਦੇ ਭਰਾ ਵਿਨੋਦ ਕੁਮਾਰ ਨੇ ਦੱਸਿਆ ਕਿ ਉਸਦਾ ਛੋਟਾ ਭਰਾ ਵਿਆਹਿਆ ਹੋਇਆ ਸੀ ਅਤੇ ਉਸਦਾ ਇਕ ਪੁੱਤਰ ਹੈ। ਉਸਦੇ ਭਰਾ ਨੇ ਕੁਝ ਸਮਾਂ ਪਹਿਲਾਂ ਪਿੰਡ ਦੇ ਕੁਝ ਨੌਜਵਾਨਾਂ ਨੂੰ ਪੈਸੇ ਉਧਾਰ ਦਿੱਤੇ ਸਨ ਅਤੇ ਉਹ ਵਾਰ-ਵਾਰ ਉਨ੍ਹਾਂ ਤੋਂ ਪੈਸੇ ਵਾਪਸ ਮੰਗ ਰਿਹਾ ਸੀ ਅਤੇ ਉਹ ਕਹਿੰਦੇ ਸੀ ਕਿ ਉਹ ਦਿਹਾੜੀ ਕਰਕੇ ਉਸਦੇ ਪੈਸੇ ਪੂਰੇ ਕਰ ਦੇਣਗੇ। ਉਹ ਲੋਕ ਪੈਸੇ ਨਾ ਦੇਣ ਲਈ ਲਗਾਤਾਰ ਉਸਦੇ ਭਰਾ ਨੂੰ ਝੂਠੇ ਵਾਅਦੇ ਕਰ ਰਹੇ ਸੀ। ਵਿਨੋਦ ਨੇ ਦੱਸਿਆ ਕਿ ਕੱਲ੍ਹ ਜਦੋਂ ਉਸਦਾ ਭਰਾ ਆਪਣੇ ਦੋਸਤ ਜੱਗੇ ਨੂੰ ਪਿੰਡ ਛੱਡਣ ਜਾ ਰਿਹਾ ਸੀ ਤਾਂ ਉਪਰੋਕਤ ਨੌਜਵਾਨਾਂ ਨੇ ਇਕ ਸਾਜ਼ਿਸ਼ ਦੇ ਤਹਿਤ ਤੇਜ਼ਧਾਰ ਹਥਿਆਰਾਂ ਨਾਲ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਜੱਗਾ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਦੋਂ ਕਿ ਹਮਲਾਵਰਾਂ ਨੇ ਉਸਦੇ ਭਰਾ ਪ੍ਰਹਿਲਾਦ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਉਨ੍ਹਾਂ ਦੀਆਂ ਚੀਕਾਂ ਸੁਣ ਕੇ, ਉਸਨੇ ਪਰਿਵਾਰਕ ਮੈਂਬਰਾਂ ਦੀ ਮਦਦ ਨਾਲ ਆਪਣੇ ਭਰਾ ਅਤੇ ਜੱਗਾ ਸਿੰਘ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ।

ਰਾਹੁਲ ਗਾਂਧੀ ਨਾਲ ਹੋਈ ਬਹਿਸ ਮਗਰੋਂ ਰਵਨੀਤ ਬਿੱਟੂ ਨੇ ਦਿੱਤਾ ਵੱਡਾ ਬਿਆਨ

ਨਵੀਂ ਦਿੱਲੀ, 4 ਫਰਵਰੀ : ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਾਲ ਹੋਈ ਬਹਿਸ ਤੋਂ ਬਾਅਦ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਰਵਨੀਤ ਸਿੰਘ ਬਿੱਟੂ ਨੇ ਰਾਹੁਲ ਗਾਂਧੀ ਅਤੇ ਗਾਂਧੀ ਪਰਿਵਾਰ ਦੇ ਖਿਲਾਫ ਬੇਹੱਦ ਸਖ਼ਤ ਰੁਖ ਅਖਤਿਆਰ ਕਰਦਿਆਂ ਵੱਡੇ ਇਲਜ਼ਾਮ ਲਾਏ ਹਨ। ਬਿੱਟੂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਰਾਹੁਲ ਗਾਂਧੀ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਉਹ ਉਨ੍ਹਾਂ ਨੂੰ "ਦੇਸ਼ ਦਾ ਦੁਸ਼ਮਣ" ਮੰਨਦੇ ਹਨ। ਸੰਸਦ ਕੰਪਲੈਕਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਬਿੱਟੂ ਨੇ ਕਿਹਾ ਕਿ ਉਹ ਕਾਰਵਾਈ ਲਈ ਸੰਸਦ ਕੰਪਲੈਕਸ ਦੇ ਰਾਸਤੇ ਤੋਂ ਅੰਦਰ ਜਾ ਰਹੇ ਸਨ, ਜਦੋਂ ਵਿਰੋਧੀ ਧਿਰ ਵਲੋਂ ਉਨ੍ਹਾਂ ਨੂੰ ਗੱਦਾਰ ਕਿਹਾ ਗਿਆ। ਉਕਤ ਲੋਕਾਂ ਨੂੰ ਅਜਿਹਾ ਲੱਗ ਰਿਹਾ ਹੈ ਉਹ ਦੇਸ਼ ਦੇ ਸਭ ਤੋਂ ਵੱਡੇ ਦੇਸ਼ ਭਗਤ ਹਨ। ਬਿੱਟੂ ਨੇ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਨੇ ਉਨ੍ਹਾਂ ਵੱਲ ਇਸ ਤਰ੍ਹਾਂ ਹੱਥ ਵਧਾਇਆ ਜਿਵੇਂ ਉਹ ਕੋਈ 'ਸ਼ਹਿਨਸ਼ਾਹ' ਹੋਣ। ਬਿੱਟੂ ਨੇ ਕਿਹਾ, "ਮੈਂ ਸ਼ਾਇਦ ਗਾਂਧੀ ਪਰਿਵਾਰ ਵਿੱਚ ਪੈਦਾ ਨਹੀਂ ਹੋਇਆ ਪਰ

ਮੇਰੇ ਸਿਰ 'ਤੇ ਦਸਤਾਰ ਹੈ। ਜਦੋਂ ਉਨ੍ਹਾਂ ਨੇ ਹੱਥ ਵਧਾਇਆ ਤਾਂ ਮੈਂ ਸਾਫ਼ ਕਹਿ ਦਿੱਤਾ ਕਿ ਤੁਸੀਂ ਲੋਕ ਦੇਸ਼ ਦੇ ਗੱਦਾਰ ਅਤੇ ਦੁਸ਼ਮਣ ਹੋ, ਜੋ ਰੋਜ਼ਾਨਾ ਫੌਜ ਅਤੇ ਰਾਸ਼ਟਰ ਦੇ ਵਿਰੁੱਧ ਬੋਲਦੇ ਹੋ। ਗਾਂਧੀ ਪਰਿਵਾਰ ਸਿੱਖਾਂ ਦਾ ਕਾਤਲ ਹੈ, ਮੈਂ ਉਸ ਪਰਿਵਾਰ ਦੇ ਪੁੱਤਰ ਨਾਲ ਹੱਥ ਨਹੀਂ ਮਿਲਾ ਸਕਦਾ।" ਰਵਨੀਤ ਬਿੱਟੂ ਨੇ ਕਿਹਾ ਕਿ ਜਦੋਂ ਮੈਂ ਕਾਂਗਰਸ ਪਾਰਟੀ ਵਿਚ ਸੀ ਤਾਂ ਮੈਂ ਸ਼ਹੀਦ ਦਾ ਪੋਤਾ ਸੀ ਅਤੇ ਹੁਣ ਜਦੋਂ ਭਾਜਪਾ ਵਿਚ ਸ਼ਾਮਲ ਹੋ ਗਿਆ ਹਾਂ ਤਾਂ ਮੈਂ ਗੱਦਾਰ ਹੋ ਗਿਆ। ਮੇਰੇ ਪਰਿਵਾਰ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੈ। ਉਨ੍ਹਾਂ ਵਿਰੋਧੀ ਧਿਰ 'ਤੇ ਤਿੱਖਾ ਸ਼ਬਦੀ ਹਮਲਾ ਕਰਦੇ ਹੋਏ ਕਿਹਾ ਕਿ ਗਾਂਧੀ ਪਰਿਵਾਰ ਸਿੱਖਾਂ ਦੇ ਅਪਮਾਨ ਦਾ ਜ਼ਿੰਮੇਵਾਰ ਹੈ। ਕਾਂਗਰਸ ਪਾਰਟੀ ਅਤੇ ਗਾਂਧੀ ਪਰਿਵਾਰ ਨੇ ਪੰਜਾਬ ਨੂੰ ਅੱਗ ਵਿੱਚ ਝੋਕਿਆ ਸੀ। ਕਾਂਗਰਸ ਨੇ ਪੰਜਾਬ ਦੇ ਗੁਰਦੁਆਰਿਆਂ 'ਚ ਅੱਗ ਲਗਾਈ ਹੈ। ਇਸ ਦੇ ਨਾਲ ਹੀ ਕਾਂਗਰਸ ਨੇ ਸਿੱਖਾਂ ਦੇ ਧਾਰਮਿਕ ਸਥਾਨ ਸ੍ਰੀ ਦਰਬਾਰ ਵਿਖੇ ਗੋਲੀਆਂ ਚਲਾਈਆਂ ਸਨ। ਹਜ਼ਾਰਾਂ ਬੇਗੁਨਾਹ ਸਿੱਖਾਂ ਅਤੇ ਪੰਜਾਬੀਆਂ ਨੂੰ ਨਿਸ਼ਾਨਾ ਬਣਾ ਕੇ ਮਾਰਿਆ ਗਿਆ। ਬਿੱਟੂ ਨੇ ਸਵਾਲ ਉਠਾਇਆ ਕਿ ਜੇਕਰ ਰਾਜੀਵ ਗਾਂਧੀ 'ਸ਼ਹੀਦ' ਹਨ, ਤ

ਚੋਣ ਕਮਿਸ਼ਨ ਕੋਲ ਪਹੁੰਚਿਆ 'ਆਪ' ਦੇ ਨਵੇਂ ਫ਼ਰਮਾਨ ਦਾ ਮੁੱਦਾ, ਪਰਗਟ ਸਿੰਘ ਨੇ ਪਾਈ ਪੋਸਟ

ਚੰਡੀਗੜ੍ਹ, 4 ਫਰਵਰੀ : ਕਾਂਗਰਸੀ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਆਮ ਆਦਮੀ ਪਾਰਟੀ ਵੱਲੋਂ ਸਕੂਲਾਂ ਨੂੰ ਪਾਰਟੀ ਦੇ ਰੰਗ ਵਿਚ ਰੰਗੇ ਜਾਣ ਦਾ ਮੁੱਦਾ ਭਾਰਤੀ ਚੋਣ ਕਮਿਸ਼ਨ ਦੇ ਧਿਆਨ ਵਿਚ ਲਿਆਂਦਾ ਹੈ। ਪਰਗਟ ਸਿੰਘ ਨੇ ਸੋਸ਼ਲ ਮੀਡੀਆ ਰਾਹੀਂ ਇਹ ਮਸਲਾ ਭਾਰਤੀ ਚੋਣ ਕਮਿਸ਼ਨ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਕੋਲ ਚੁੱਕਿਆ ਹੈ।

ਪਰਗਟ ਸਿੰਘ ਨੇ ਕਿਹਾ ਕਿ ਪੂਰੇ ਪੰਜਾਬ ਵਿਚ ਵੋਟਾਂ ਸਰਕਾਰੀ ਸਕੂਲਾਂ ਵਿਚ ਪੈਂਦੀਆਂ ਹਨ। ਆਮ ਆਦਮੀ ਪਾਰਟੀ ਨੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੇ ਲਈ ਇਨ੍ਹਾਂ ਸਕੂਲਾਂ ਨੂੰ ਪਾਰਟੀ ਦੇ ਝੰਡੇ ਦੇ ਰੰਗ ਵਿਚ ਰੰਗਣ ਦੇ ਹੁਕਮ ਜਾਰੀ ਕੀਤੇ ਹਨ। ਪਰਗਟ ਸਿੰਘ ਨੇ ਕਿਹਾ ਹੈ ਕਿ ਕਿਸੇ ਵੀ ਪਾਰਟੀ ਨੇ ਕਦੇ ਵੀ ਅਜਿਹਾ ਨਹੀਂ ਕੀਤਾ। ਸਾਬਕਾ ਸਿੱਖਿਆ ਮੰਤਰੀ ਨੇ ਕਿਹਾ ਹੈ ਕਿ ਸਕੂਲਾਂ ਨੂੰ ਰੰਗ ਕਰਵਾਉਣ ਦਾ ਫ਼ੈਸਲਾ ਸਕੂਲ ਪ੍ਰਬੰਧਕ ਕਮੇਟੀਆਂ ਦਾ ਹੁੰਦਾ ਹੈ।

CP ਲੁਧਿਆਣਾ ਨੂੰ ਸੰਮਨ ਕਰਨ 'ਤੇ HC ਦੀ ਫਟਕਾਰ, ਜਲੰਧਰ ਅਦਾਲਤ ਦੇ ਹੁਕਮ 'ਤੇ ਲਗਾਇਆ ਸਟੇਅ

ਚੰਡੀਗੜ੍ਹ, 4 ਫਰਵਰੀ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਨੂੰ ਬਿਨਾਂ ਢੁੱਕਵੇਂ ਕਾਰਨ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਡਿਫੈਂਸ ਗਵਾਹ ਵਜੋਂ ਸਮਨ ਕਰਨ ਦੀ ਪ੍ਰਥਾ 'ਤੇ ਸਖ਼ਤ ਰੁਖ ਅਪਣਾਉਂਦਿਆਂ, ਜਲੰਧਰ ਅਦਾਲਤ ਵੱਲੋਂ ਐਨਡੀਪੀਐੱਸ ਕੇਸ ਵਿਚ ਲੁਧਿਆਣਾ ਦੇ ਕਮਿਸ਼ਨਰ ਆਫ਼ ਪੁਲਸ ਸਵਪਨ ਸ਼ਰਮਾ ਨੂੰ ਸੰਮਨ ਕਰਨ ਦੇ ਹੁਕਮ 'ਤੇ ਸਟੇਅ ਲਗਾ ਦਿੱਤਾ। ਇਹ ਮਾਮਲਾ ਮਾਣਯੋਗ ਜਸਟਿਸ ਜਸਜੀਤ ਸਿੰਘ ਬੇਦੀ ਵੱਲੋਂ ਸੁਣਿਆ ਗਿਆ। ਹਾਈ ਕੋਰਟ ਨੇ ਕਿਹਾ ਕਿ ਟਰਾਇਲ ਵਿਚ ਦੇਰੀ ਪੈਦਾ ਕਰਨ ਲਈ ਸੀਨੀਅਰ ਅਧਿਕਾਰੀਆਂ ਨੂੰ ਬੇਵਜ?ਹਾ ਅਦਾਲਤਾਂ ਵਿਚ ਘਸੀਟਣਾ ਨਿਆਂਇਕ ਪ੍ਰਕਿਰਿਆ ਦੀ ਗਲਤ ਵਰਤੋਂ ਹੈ, ਜੋ ਕਿ ਖ਼ਾਸ ਕਰਕੇ ਸਮੇਂ-ਬੱਧ ਐੱਨਡੀਪੀਐੱਸ ਟਰਾਇਲਾਂ

ਵਿਚ ਬਿਲਕੁਲ ਮਨਜ਼ੂਰ ਨਹੀਂ। ਸੁਣਵਾਈ ਦੌਰਾਨ ਬੈਂਚ ਨੇ ਖੁੱਲ੍ਹੀ ਅਦਾਲਤ ਵਿਚ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ "ਲੁਧਿਆਣਾ ਦੇ ਕਮਿਸ਼ਨਰ ਆਫ਼ ਪੁਲਸ ਨੂੰ ਅਦਾਲਤ ਵਿਚ ਬੁਲਾਉਣ ਦੀ ਆਖ਼ਰ ਲੋੜ ਕੀ ਹੈ? ਕੀ ਸਿਰਫ਼ ਸੀ. ਸੀ. ਟੀ. ਵੀ. ਰਿਕਾਰਡ ਹਾਸਲ ਕਰਨ ਲਈ?"ਬੈਂਚ ਨੇ ਇਸ ਗੱਲ 'ਤੇ ਵੀ ਗੰਭੀਰ ਹੈਰਾਨੀ ਜਤਾਈ ਕਿ ਜਲੰਧਰ ਦੀ ਟਰਾਇਲ ਕੋਰਟ ਵੱਲੋਂ ਸੀਨੀਅਰ ਪੁਲਸ ਅਧਿਕਾਰੀਆਂ ਦੀ ਹਾਜ਼ਰੀ ਲਈ ਜ਼ਮਾਨਤੀ ਵਾਰੰਟ ਤੱਕ ਜਾਰੀ ਕਰ ਦਿੱਤੇ ਗਏ। ਜਦੋਂ ਡਿਫੈਂਸ ਵੱਲੋਂ ਕੋਈ ਵਾਜਬ ਕਾਰਨ ਪੇਸ਼ ਨਾ ਕੀਤਾ ਜਾ ਸਕਿਆ ਤਾਂ ਹਾਈ ਕੋਰਟ ਨੇ ਕਿਹਾ ਕਿ ਜੋ ਅਧਿਕਾਰੀ ਨਾ ਤਾਂ ਜਾਂਚ ਦਾ ਹਿੱਸਾ ਰਹੇ ਹਨ ਅਤੇ ਨਾ ਹੀ ਗਵਾਹਾਂ ਦੀ ਸੂਚੀ ਵਿਚ ਸ਼ਾਮਲ ਹਨ, ਉਨ੍ਹਾਂ ਨੂੰ ਸਿਰਫ਼ ਪ੍ਰਸਿੱਧੀ ਹਾਸਲ ਕਰਨ ਜਾਂ ਟਰਾਇਲ ਲਟਕਾਉਣ ਲਈ ਸੰਮਨ ਨਹੀਂ ਕੀਤਾ ਜਾ ਸਕਦਾ। ਹਾਈ ਕੋਰਟ ਨੇ ਇਹ ਵੀ ਦਰਸਾਇਆ ਕਿ ਸੀ. ਪੀ. ਲੁਧਿਆਣਾ ਵੱਲੋਂ ਕਾਨੂੰਨ-ਵਿਵਸਥਾ ਅਤੇ ਹੋਰ ਗੰਭੀਰ ਜ਼ਿੰਮੇਵਾਰੀਆਂ ਦੇ ਮੱਦੇਨਜ਼ਰ ਵੀਡੀਓ ਕਾਨਫਰੰਸਿੰਗ ਰਾਹੀਂ ਹਾਜ਼ਰੀ ਦੀ ਬੇਨਤੀ ਕੀਤੀ ਗਈ ਸੀ, ਜਿਸ 'ਤੇ ਜਲੰਧਰ ਅਦਾਲਤ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਸੀ। ਇਸ ਦੀ ਬਜਾਏ ਹਾਜ਼ਰੀ 'ਤੇ ਜ਼ੋਰ ਦੇਣਾ ਨਿਆਇਕ ਸੁਝ-ਬੂਝ ਦੇ ਅਨੁਕੂਲ ਨਹੀਂ ਹੈ। ਹਾਈ ਕੋਰਟ ਨੇ ਸਮਨਿੰਗ ਹੁਕਮ ਤੋਂ ਬਾਅਦ ਹੋਈ ਮੀਡੀਆ ਕਵਰੇਜ 'ਤੇ ਵੀ ਟਿੱਪਣੀ ਕਰਦਿਆਂ ਕਿਹਾ ਕਿ ਅਧੂਰੀ ਜਾਣਕਾਰੀ ਅਤੇ ਅਟਕਲਾਂ 'ਤੇ ਆਧਾਰਿਤ ਰਿਪੋਰਟਿੰਗ ਰਾਹੀਂ ਸੀਨੀਅਰ ਪੁਲਸ ਅਧਿਕਾਰੀਆਂ ਦੇ ਅਕਸ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ, ਜੋ ਮੀਡੀਆ ਦੀ ਪਾਰਦਰਸ਼ਤਾ ਅਤੇ ਸਮਾਜ ਭਰੋਸੇ ਲਈ ਘਾਤਕ ਹੈ। ਮੌਜੂਦਾ ਐੱਨਡੀਪੀਐੱਸ ਕੇਸ ਇਕ ਸਫ਼ਲ ਅਤੇ ਸੁਚੱਜੀ ਐਂਟੀ-ਡਰੱਗ ਕਾਰਵਾਈ ਨਾਲ ਸਬੰਧਤ ਹੈ। ਮਾਰਚ 2024 ਵਿਚ ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਦੋ ਮਹੀਨੇ ਲੰਬੀ ਕਾਰਵਾਈ ਤੋਂ ਬਾਅਦ ਇਕ ਅੰਤਰਰਾਸ਼ਟਰੀ ਨਸ਼ਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਸੀ। ਇਸ ਦੌਰਾਨ 9 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ, 22 ਕਿਲੋਗ੍ਰਾਮ ਅਫ਼ੀਮ ਬਰਾਮਦ ਹੋਈ ਅਤੇ ਨਸ਼ੇ ਦੀ ਕਮਾਈ ਨਾਲ ਜੁੜੇ ਲਗਭਗ 9 ਕਰੋੜ ਦੇ ਲੈਣ-ਦੇਣ ਵਾਲੇ 30 ਬੈਂਕ ਖਾਤੇ ਜਮ?ਹਾਂ ਕੀਤੇ ਗਏ। ਇਸ ਕਾਰਵਾਈ ਦੌਰਾਨ ਝਾਰਖੰਡ ਤੋਂ ਅਫ਼ੀਮ ਉਗਾਉਣ ਵਾਲੇ ਅਭੀ ਰਾਮ ਦੀ ਗ੍ਰਿਫ਼ਤਾਰੀ ਹੋਈ, ਜਦਕਿ ਕੁਰੀਅਰ ਨੈੱਟਵਰਕ, ਹਵਾਲਾ ਓਪਰੇਟਰਾਂ ਅਤੇ ਵਿਚੋਲਿਆਂ ਦੀ ਭੂਮਿਕਾ ਵੀ ਸਾਹਮਣੇ ਆਈ। ਜਾਂਚ ਦੌਰਾਨ ਛੇ ਕਸਟਮਜ਼ ਅਧਿਕਾਰੀਆਂ ਨਾਲ ਜੁੜੇ ਗੰਭੀਰ ਤੱਥ ਵੀ ਬੇਨਕਾਬ ਹੋਏ, ਜਿਸ ਵਿਚ ਦਿੱਲੀ ਤੋਂ ਚਾਰ ਕਸਟਮਜ਼ ਕਰਮਚਾਰੀਆਂ ਦੀ ਗ੍ਰਿਫ਼ਤਾਰੀ ਸ਼ਾਮਲ ਹੈ। ਹਾਈ ਕੋਰਟ ਨੇ ਕਿਹਾ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਬਰਾਮਦਗੀਆਂ ਅਤੇ ਪੂਰੀ ਸਪਲਾਈ ਚੇਨ ਦੇ ਭੰਗ ਹੋਣ ਤੋਂ ਸਪੱਸ਼ਟ ਹੈ ਕਿ ਅਜਿਹੇ ਮਾਮਲੇ ਵਿਚ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਸੰਮਨ ਕਰਨ ਦਾ ਕੋਈ ਤਰਕਸੰਗਤ ਆਧਾਰ ਨਹੀਂ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ, ਹਾਈ ਕੋਰਟ ਨੇ ਜਲੰਧਰ ਅਦਾਲਤ ਦੇ ਸਮਨਿੰਗ ਹੁਕਮ 'ਤੇ ਸਟੇ ਲਗਾਉਂਦਿਆਂ CP ਲੁਧਿਆਣਾ ਨੂੰ ਤੁਰੰਤ ਰਾਹਤ ਦਿੱਤੀ ਅਤੇ ਇਹ ਸਪੱਸ਼ਟ ਸੁਨੇਹਾ ਦਿੱਤਾ ਕਿ ਨਿਆਇਕ ਪ੍ਰਕਿਰਿਆ ਨੂੰ ਨਾ ਤਾਂ ਸੀਨੀਅਰ ਅਧਿਕਾਰੀਆਂ ਨੂੰ ਪ੍ਰੇਸ਼ਾਨ ਕਰਨ ਲਈ ਵਰਤਿਆ ਜਾ ਸਕਦਾ ਹੈ ਅਤੇ ਨਾ ਹੀ ਪ੍ਰਭਾਵਸ਼ਾਲੀ ਐਂਟੀ-ਡਰੱਗ ਕਾਰਵਾਈਆਂ ਨੂੰ ਕਮਜ਼ੋਰ ਕਰਨ ਲਈ।

ਪੰਜਾਬ 'ਚ ਚੱਲਣਗੀਆਂ ਤੇਜ਼ ਹਵਾਵਾਂ ! 8 ਫਰਵਰੀ ਤੱਕ ਮੌਸਮ ਦੀ ਪੜ੍ਹੋ ਤਾਜ਼ਾ ਅਪਡੇਟ, ਇਨ੍ਹਾਂ ਜ਼ਿਲ੍ਹਿਆਂ 'ਚ Alert

ਜਲੰਧਰ, 4 ਫਰਵਰੀ : ਪੰਜਾਬ ਵਿਚ ਹੌਲੀ-ਹੌਲੀ ਸਰਦੀ ਦਾ ਦੌਰ ਖ਼ਤਮ ਹੋਣ ਲੱਗਾ ਹੈ। ਉਥੇ ਹੀ ਮੌਸਮ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਲਈ ਤਾਜ਼ਾ ਅਪਡੇਟ ਸਾਂਝੀ ਕੀਤੀ ਗਈ ਹੈ। ਮੌਸਮ ਵਿਭਾਗ ਨੇ ਅੱਜ ਤੋਂ ਲੈ ਕੇ 8 ਫਰਵਰੀ ਤੱਕ ਪੰਜਾਬ ਦੇ ਮੌਸਮ ਦੀ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਤਾਜ਼ਾ ਅਪਡੇਟ ਵਿਚ ਸੂਬੇ ਵਿਚ ਕੁਝ ਜ਼ਿਲ੍ਹਿਆਂ ਵਿਚ ਸੀਤ ਲਹਿਰ ਦਾ ਯੈਲੋ ਅਲਰਟ ਜਾਰੀ ਤੀਤਾ ਗਿਆ ਹੈ। 10 ਜ਼ਿਲ੍ਹਿਆਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਅੱਜ ਸ਼ਾਮ ਨੂੰ ਸੰਘਣੀ ਧੁੰਦ ਦਾ ਕਹਿਰ ਵੇਖਣ ਨੂੰ ਮਿਲੇਗਾ। ਇਨ੍ਹਾਂ 10 ਜ਼ਿਲ੍ਹਿਆਂ ਵਿਚ ਤਰਨਤਾਰਨ, ਕਪੂਰਥਲਾ, ਜਲੰਧਰ, ਮਾਨਸਾ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ, ਫਰੀਦਕੋਟ, ਮੋਗਾ, ਸ੍ਰੀ ਮੁਕਤਸਰ ਸਾਹਿਬ ਅਤੇ ਬਠਿੰਡਾ ਸ਼ਾਮਲ ਹਨ। ਹਾਲਾਂਕਿ ਹਾਈਵੇਅ 'ਤੇ ਅੰਮ੍ਰਿਤਸਰ ਤੋਂ ਅੰਬਾਲਾ ਤੇ ਅੰਬਾਲਾ ਤੋਂ ਦਿੱਲੀ ਜਾਣ ਵਾਲੇ ਲੋਕਾਂ ਨੂੰ ਪੂਰੇ ਰਸਤੇ ਅੰਸ਼ਿਕ ਤੌਰ 'ਤੇ ਬੱਦਲਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਮੌਸਮ ਵਿਭਾਗ ਦੇ ਡਾਇਰੈਕਟਰ ਸੁਰਿੰਦਰ ਪਾਲ ਨੇ ਦੱਸਿਆ ਕਿ ਮੌਸਮ ਸੁੱਕਾ ਰਹਿਣ ਦੀ ਪੂਰੀ ਸੰਭਾਵਨਾ ਹੈ। ਅਗਲੇ 48 ਘੰਟਿਆਂ ਦੌਰਾਨ ਘੱਟੋ-ਘੱਟ ਤਾਪਮਾਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਆਵੇਗਾ। 5, 6, 7 ਅਤੇ 8 ਫਰਵਰੀ ਲਈ ਮੌਸਮ ਵਿਭਾਗ ਵੱਲੋਂ ਫਿਲਹਾਲ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਇਨ੍ਹਾਂ ਤਾਰੀਖ਼ਾਂ ਦੌਰਾਨ ਮੌਸਮ ਸੁੱਕਾ ਹੀ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ। ਉਥੇ ਹੀ ਜੇਕਰ ਸੂਬੇ ਦੇ ਤਾਪਮਾਨ ਦੀ ਗੱਲ ਕੀਤੀ ਜਾਵੇ ਤਾਂ ਪਿਛਲੇ 24 ਘੰਟਿਆਂ ਵਿੱਚ ਸੂਬੇ ਦੇ ਵੱਧ ਤੋਂ ਵੱਧ ਤਾਪਮਾਨ 'ਚ 0.5 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਹੈ, ਹਾਲਾਂਕਿ ਇਹ ਆਮ ਦੇ ਨੇੜੇ ਹੈ। ਸਭ ਤੋਂ ਘੱਟ 3.6 ਡਿਗਰੀ ਤਾਪਮਾਨ ਬਠਿੰਡਾ ਵਿੱਚ ਦਰਜ ਕੀਤਾ ਗਿਆ। ਮੌਸਮ ਮਾਹਿਰਾਂ ਦਾ ਮੰਨਣਾ ਹੈ ਕਿ ਠੰਡ ਦਾ ਪੀਕ ਸਮਾਂ ਲੰਘ ਚੁੱਕਾ ਹੈ ਅਤੇ ਹੁਣ ਹੌਲੀ-ਹੌਲੀ ਗਰਮੀ ਵਧੇਗੀ। ਜੇਕਰ ਗੱਲ ਕੀਤੀ ਜਾਵੇ ਤਾਂ 5 ਅਤੇ 6 ਫਰਵਰੀ ਨੂੰ ਸੂਬੇ ਦੇ ਕੁਝ ਹਿੱਸਿਆਂ ਵਿਚ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ ਅਤੇ ਘੱਟੋ-ਘੱਟ ਤਾਪਮਾਨ ਵਿਚ ਵੱਡਾ ਬਦਲਾਅ ਵੇਖਣ ਨੂੰ ਮਿਲ ਸਕਦਾ ਹੈ। ਮੌਸਮ ਵਿਭਾਗ ਮੁਤਾਬਕ ਸੂਬੇ ਦੇ ਉੱਤਰੀ ਅਤੇ ਪੂਰਬੀ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 16 ਤੋਂ 18 ਡਿਗਰੀ ਸੈਲਸੀਅਸ ਦਰਮਿਆਨ ਰਹਿਣ ਦੀ ਸੰਭਾਵਨਾ ਹੈ। ਜਦਕਿ ਸੂਬੇ ਦੇ ਬਾਕੀ ਹਿੱਸਿਆਂ 'ਚ ਇਹ 18 ਤੋਂ 20 ਡਿਗਰੀ ਸੈਲਸੀਅਸ ਤੱਕ ਰਹਿ ਸਕਦਾ ਹੈ। ਇਸ ਹਫ਼ਤੇ ਦੌਰਾਨ ਸੂਬੇ 'ਚ ਵੱਧ ਤੋਂ ਵੱਧ ਤਾਪਮਾਨ ਆਮ ਦੇ ਨੇੜੇ ਹੀ ਰਹਿਣ ਦੀ ਉਮੀਦ ਹੈ, ਜਦਕਿ ਘੱਟੋ-ਘੱਟ ਤਾਪਮਾਨ 4 ਤੋਂ 6 ਡਿਗਰੀ ਸੈਲਸੀਅਸ ਦਰਮਿਆਨ ਰਹੇਗਾ।

ਆਸਟਰੇਲੀਆ ਭੇਜਣ ਦੇ ਨਾਮ 'ਤੇ ਨੌਜਵਾਨ ਤੋਂ ਲੱਖਾਂ ਰੁਪਏ ਦੀ ਠੱਗੀ

ਲੁਧਿਆਣਾ, 4 ਫਰਵਰੀ : ਵਿਦੇਸ਼ ਜਾ ਕੇ ਸੁਨਹਿਰੇ ਭਵਿੱਖ ਦਾ ਸੁਪਨਾ ਦੇਖ ਰਹੇ ਨੌਜਵਾਨਾਂ ਨੂੰ ਸ਼ਿਕਾਰ ਬਣਾਉਣ ਵਾਲੇ ਕਬੂਤਰਬਾਜ਼ਾਂ ਦਾ ਜਾਲ ਲਗਾਤਾਰ ਫੈਲਦਾ ਜਾ ਰਿਹਾ ਹੈ। ਤਾਜ਼ਾ ਮਾਮਲਾ ਇਕ ਨੌਜਵਾਨ ਨੂੰ ਆਸਟ?ਰੇਲੀਆ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਠੱਗੀ ਦਾ ਸਾਹਮਣੇ ਆਇਆ ਹੈ। ਥਾਣਾ ਫੋਕਲ ਪੁਆਇੰਟ ਦੀ ਪੁਲਸ ਨੇ ਇਸ ਸਬੰਧ ਵਿਚ ਜਾਂਚ ਤੋਂ ਬਾਅਦ ਮੁਲਜ਼ਮਾਂ ਖ?ਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਦਵਿੰਦਰ ਸਿੰਘ ਕਟੜਾ, ਪ੍ਰਭਜੋਤ ਸਿੰਘ, ਸੰਦੀਪ ਸਿੰਘ, ਜਗਦੀਪ ਸਿੰਘ, ਹਰਪ੍ਰੀਤ ਸਿੰਘ, ਅਲੀਸ਼ਾ ਅਤੇ ਮੁਸਕਾਨ ਹਨ। ਸ਼ਿਕਾਇਤਕਰਤਾ ਵੱਸਣ ਸਿੰਘ ਨੇ ਪੁਲਸ ਸ਼ਿਕਾਇਤ ਵਿਚ ਦੱਸਿਆ ਹੈ ਕਿ ਸ਼ਾਤਰ ਮੁਲਜ਼ਮਾਂ ਨੇ ਮਿਲੀਭੁਗਤ ਕਰਕੇ ਉਨ੍ਹਾਂ ਦੇ ਬੇਟੇ ਅਕਾਸ਼ਦੀਪ ਸਿੰਘ ਨੂੰ ਵਿਦੇਸ਼ (ਆਸਟ?ਰੇਲੀਆ) ਭੇਜਣ ਦਾ ਝਾਂਸਾ ਦਿੱਤਾ ਸੀ। ਮੁਲਜ਼ਮਾਂ ਨੇ ਅਕਾਸ਼ਦੀਪ ਨੂੰ ਆਸਟ?ਰੇਲੀਆ ਦਾ ਵੀਜ਼ਾ ਅਤੇ ਉੱਥੇ ਸੈਟਲ ਕਰਵਾਉਣ ਦਾ ਸੁਪਨਾ ਦਿਖਾ ਕੇ ਝਾਂਸੇ ਵਿਚ ਲਿਆ ਅਤੇ ਕਿਸ਼ਤਾਂ ਵਿਚ ਕੁੱਲ 5,82,000 ਰੁਪਏ ਦੀ ਮੋਟੀ ਰਕਮ ਵਸੂਲ ਕਰ ਲਈ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
Shyam Sharma (Adv)

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed

ਵਟਸਐਪ ਅਤੇ ਮੇਟਾ ਦੀ ਖਿਚਾਈ: ਡਾਟਾ ਸਾਂਝਾ ਕਰਨ ਦੇ ਨਾਂ 'ਤੇ ਨਿੱਜਤਾ ਦੇ ਅਧਿਕਾਰ ਨਾਲ ਖਿਲਵਾੜ ਨਹੀਂ ਕਰ ਸਕਦੇ: ਸੁਪਰੀਮ ਕੋਰਟ

ਨਵੀਂ ਦਿੱਲੀ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਮੈਟਾ ਪਲੇਟਫਾਰਮਸ ਅਤੇ ਵਟਸਐਪ ਨੂੰ ਸਖ਼ਤ ਫਟਕਾਰ ਲਗਾਉਂਦਿਆਂ ਸਪੱਸ਼ਟ ਕੀਤਾ ਕਿ ਤਕਨੀਕੀ ਦਿੱਗਜ ਕੰਪਨੀਆਂ ਡਾਟਾ ਸਾਂਝਾ ਕਰਨ ਦੇ ਨਾਮ 'ਤੇ ਨਾਗਰਿਕਾਂ ਦੀ ਨਿੱਜਤਾ ਦੇ ਅਧਿਕਾਰ ਨਾਲ ਖਿਲਵਾੜ ਨਹੀਂ ਕਰ ਸਕਦੀਆਂ।

ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪੰਚੋਲੀ ਦੀ ਬੈਂਚ ਨੇ ਭਾਰਤੀ ਮੁਕਾਬਲੇਬਾਜ਼ੀ ਕਮਿਸ਼ਨ (339) ਦੁਆਰਾ ਲਗਾਏ 213.14 ਕਰੋੜ ਰੁਪਏ ਦੇ ਜੁਰਮਾਨੇ ਵਿਰੁੱਧ ਦਾਇਰ ਅਪੀਲਾਂ 'ਤੇ ਸੁਣਵਾਈ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਵਿੱਚ 9 ਫਰਵਰੀ ਨੂੰ ਅੰਤਰਿਮ ਹੁਕਮ ਜਾਰੀ ਕਰਨਗੇ।

ਅਦਾਲਤ ਨੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੂੰ ਵੀ ਇਸ ਮਾਮਲੇ ਵਿੱਚ ਪੱਖ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਸੁਣਵਾਈ ਦੌਰਾਨ ਚੀਫ਼ ਜਸਟਿਸ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਪ੍ਰਾਈਵੇਸੀ(ਨਿੱਜਤਾ) ਦੀਆਂ ਸ਼ਰਤਾਂ ਐਨੀ ਚਲਾਕੀ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ ਕਿ ਇੱਕ ਆਮ ਵਿਅਕਤੀ ਉਨ੍ਹਾਂ ਨੂੰ ਸਮਝ ਨਹੀਂ ਸਕਦਾ, ਜੋ ਕਿ ਨਿੱਜੀ ਜਾਣਕਾਰੀ ਦੀ ਚੋਰੀ ਕਰਨ ਦਾ ਇੱਕ ਸੱਭਿਅਕ ਤਰੀਕਾ ਹੈ। ਅਦਾਲਤ ਨੇ ਕੰਪਨੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਡੇਟਾ ਸਾਂਝਾ ਨਾ ਕਰਨ ਬਾਰੇ ਹਲਫ਼ਨਾਮਾ ਨਾ ਦਿੱਤਾ, ਤਾਂ ਅਦਾਲਤ ਸਖ਼ਤ ਹੁਕਮ ਪਾਸ ਕਰਨ ਲਈ ਮਜਬੂਰ ਹੋਵੇਗੀ।

ਜੇਲ੍ਹ ਤੋਂ ਬਾਹਰ ਆਏ ਬਿਕਰਮ ਸਿੰਘ ਮਜੀਠੀਆ

ਸਰਕਾਰਾਂ ਤਾਂ ਚਾਹੁੰਦੀਆਂ ਸੀ ਕਿ ਮੈਂ ਬਾਹਰ ਹੀ ਨਾ ਆਵਾਂ: ਮਜੀਠੀਆ

ਨਾਭਾ/ਮੁਹਾਲੀ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਨੇ ਬੀਤੇ ਦਿਨ ਰਾਹਤ ਦੇ ਦਿੱਤੀ ਸੀ ਤੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ ਜ਼ਮਾਨਤ ਮਿਲਣ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਦੁਪਹਿਰ 2.24 ਵਜੇ ਜੇਲ੍ਹ ਵਿਚੋਂ ਰਿਹਾਅ ਹੋ ਗਏ। ਇਹ ਪਤਾ ਲੱਗਿਆ ਹੈ ਕਿ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਬਿਕਰਮ ਪਹਿਲੇ ਗੇਟ ਤੋਂ ਮੁੱਖ ਗੇਟ ਤਕ ਪੈਦਲ ਹੀ ਆਏ ਤੇ ਉਸ ਤੋਂ ਬਾਅਦ ਉਨ੍ਹਾਂ ਦੇ ਜੇਲ੍ਹ ਵਿਚੋਂ ਬਾਹਰ ਆਉਣ 'ਤੇ ਅਕਾਲੀ ਆਗੂਆਂ ਨੇ ਉਨ੍ਹਾਂ ਦੇ ਹੱਕ ਵਿਚ ਨਾਅਰੇ ਲਾਏ। ਇਸ ਮੌਕੇ ਗੇਟ ਦੇ ਬਾਹਰ ਵੱਡੀ ਗਿਣਤੀ ਸਮਰਥਕ ਆਏ ਤੇ ਇਸ ਦੌਰਾਨ ਬਿਕਰਮ ਮੁੱਛਾਂ ਨੂੰ ਤਾਅ ਦਿੰਦੇ ਨਜ਼ਰ ਆਏ।

ਬਿਕਰਮ ਦੀ ਪਤਨੀ ਗਨੀਵ ਕੌਰ ਮਜੀਠੀਆ ਤੇ ਅਰਸ਼ਦੀਪ ਕਲੇਰ ਜੇਲ੍ਹ ਅੰਦਰ ਬਿਕਰਮ ਨੂੰ ਲੈਣ ਗਏ ਸਨ। ਸੁਪਰੀਮ ਕੋਰਟ ਵਲੋਂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਤੋਂ ਬਾਅਦ ਅੱਜ ਮੁਹਾਲੀ ਅਦਾਲਤ ਵਿਚ ਬਿਕਰਮ ਮਜੀਠੀਆ ਦੀਆਂ ਜ਼ਮਾਨਤੀ ਸ਼ਰਤਾਂ ਸਬੰਧੀ ਫ਼ੈਸਲਾ ਕੀਤਾ ਗਿਆ। ਅਦਾਲਤ ਵਲੋਂ 2 ਲੱਖ ਦਾ ਮੁਚਲਕਾ ਭਰਨ ਦੀ ਸ਼ਰਤ ਦੇ ਬਿਕਰਮ ਨੂੰ ਜ਼ਮਾਨਤ ਦੇ ਦਿੱਤੀ ਗਈ। ਇਸ ਤੋਂ ਬਾਅਦ ਇਹ ਦਸਤਾਵੇਜ਼ ਨਾਭਾ ਆਨਲਾਈਨ ਭੇਜੇ ਗਏ ਤੇ ਮਜੀਠੀਆ ਦੀ ਰਿਹਾਈ ਕਿਸੇ ਵੀ ਸੰਭਵ ਹੈ। ਇਸ ਸਬੰਧੀ ਨਾਭਾ ਜੇਲ੍ਹ ਵਲੋਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਮੁਹਾਲੀ ਦੀ ਅਦਾਲਤ ਵਿਚ ਜ਼ਮਾਨਤੀ ਮੁਚਲਕੇ ਨਾਲ ਸਬੰਧਿਤ ਸ਼ਰਤਾਂ 'ਤੇ ਫ਼ੈਸਲਾ ਕਰਨ ਬਾਰੇ ਅੱਜ ਸਵੇਰੇ 10 ਵਜੇ ਸ਼ੁਰੂ ਹੋਈ। ਅਦਾਲਤ ਵਿਚ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ ਹਾਜ਼ਰ ਰਹੇ, ਜਿਨ੍ਹਾਂ ਨਾਲ ਵਿਜੀਲੈਂਸ ਦੇ ਕੁਝ ਅਧਿਕਾਰੀ ਵੀ ਮੌਜੂਦ ਸਨ। ਦੂਜੇ ਪਾਸੇ ਬਿਕਰਮ ਸਿੰਘ ਮਜੀਠੀਆ ਵਲੋਂ ਸੀਨੀਅਰ ਵਕੀਲ ਐਚ ਐਸ ਧਨੋਆ ਅਤੇ ਉਨ੍ਹਾਂ ਦੇ ਵਕੀਲਾਂ ਦੀ ਟੀਮ ਵਲੋਂ ਬਹਿਸ ਕੀਤੀ ਗਈ।

ਅਦਾਲਤ ਵੱਲੋਂ ਜ਼ਮਾਨਤੀ ਮੁਚੱਲਕੇ ਦੀਆਂ ਸ਼ਰਤਾਂ ਤੈਅ ਹੋਣ ਮਗਰੋਂ ਜ਼ਮਾਨਤੀ ਮੁਚਲਕਾ ਭਰਿਆ ਜਾਂਦਾ ਹੈ, ਉਸ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਨੂੰ ਨਾਭਾ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਜਾਵੇਗਾ। ਸੁਪਰੀਮ ਕੋਰਟ ਦੇ ਬੈਂਚ ਨੇ 2 ਫਰਵਰੀ ਨੂੰ ਪੰਜਾਬ ਸਰਕਾਰ ਦੇ ਵਕੀਲ ਨੂੰ ਪੁੱਛਿਆ, 'ਤੁਸੀਂ ਬਿਕਰਮ ਨੂੰ ਜੇਲ੍ਹ ਅੰਦਰ ਕਿਉਂ ਰੱਖਣਾ ਚਾਹੁੰਦੇ ਹੋ।' ਅਦਾਲਤ ਨੇ ਇਹ ਵੀ ਨੋਟਿਸ ਲਿਆ ਕਿ ਮਜੀਠਿਆ ਪਿਛਲੇ ਸੱਤ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ। ਸੁਪਰੀਮ ਕੋਰਟ ਵਲੋਂ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਮਜੀਠੀਆ ਦੀ ਪਟੀਸ਼ਨ 'ਤੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਪਹਿਲਾਂ ਨੋਟਿਸ ਜਾਰੀ ਕੀਤਾ ਗਿਆ ਸੀ।

ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ ਤੇ ਇਹ ਮਾਮਲਾ ਕਥਿਤ ਤੌਰ 'ਤੇ 540 ਕਰੋੜ ਰੁਪਏ ਦੀ ਜਾਇਦਾਦ ਨਾਲ ਸਬੰਧਤ ਹੈ। ਦੱਸਣਾ ਬਣਦਾ ਹੈ ਕਿ ਪਿਛਲੀ ਸੁਣਵਾਈ ਦੌਰਾਨ ਮਜੀਠੀਆ ਨੇ ਆਪਣੀ ਜਾਨ ਨੂੰ ਖ਼ਤਰੇ ਦੱਸਦੇ ਹੋਏ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ। ਅਦਾਲਤ ਨੇ ਕਿਹਾ ਕਿ ਮਾਮਲੇ ਦੇ ਹਾਲਾਤ ਨੂੰ ਦੇਖਦੇ ਹੋਏ ਜ਼ਮਾਨਤ ਦਿੱਤੀ ਜਾ ਰਹੀ ਹੈ। ਅਦਾਲਤ ਨੇ ਖਾਸ ਤੌਰ 'ਤੇ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਕਿ ਮਜੀਠੀਆ ਨੂੰ NDPS ਮਾਮਲੇ ਵਿੱਚ ਸਾਲ 2022 ਵਿੱਚ ਜ਼ਮਾਨਤ ਮਿਲ ਚੁੱਕੀ ਹੈ, ਜਿਸ ਨੂੰ ਰੱਦ ਕਰਵਾਉਣ ਲਈ ਸੂਬਾ ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਨੇ 2025 ਵਿੱਚ ਖਾਰਜ ਕਰ ਦਿੱਤੀ ਸੀ।

ਇਸ ਤੋਂ ਇਲਾਵਾ ਮਜੀਠੀਆ ਪਿਛਲੇ ਕਈ ਮਹੀਨਿਆਂ ਤੋਂ ਹਿਰਾਸਤ ਵਿੱਚ ਹਨ ਤੇ ਪੁਲੀਸ ਆਪਣੀ ਰਿਪੋਰਟ ਦਾਖਲ ਕਰ ਚੁੱਕੀ ਹੈ ਅਤੇ ਆਮਦਨ ਤੋਂ ਵੱਧ ਜਾਇਦਾਦ ਦਾ ਇਹ ਮਾਮਲਾ ਸਾਲ 2007 ਤੋਂ 2017 ਦੀ ਮਿਆਦ ਨਾਲ ਸਬੰਧਤ ਹੈ, ਜਦਕਿ FIR ਸਾਲ 2025 ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ (Prevention of Corruption Act) ਤਹਿਤ ਦਰਜ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ ਨੂੰ ਪੰਜਾਬ ਵਿਜੀਲੈਂਸ ਵੱਲੋਂ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਕੇ ਮੁਹਾਲੀ ਲਿਆਂਦਾ ਗਿਆ ਸੀ। ਉਨ੍ਹਾਂ ਨੂੰ ਬਾਰਾਂ ਦਿਨਾਂ ਦੇ ਪੁਲੀਸ ਰਿਮਾਂਡ ਉੱਤੇ ਰੱਖਣ ਮਗਰੋਂ 6 ਜੁਲਾਈ ਨੂੰ ਨਾਭਾ ਦੀ ਨਿਊ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਮਜੀਠੀਆ ਵੱਲੋਂ ਆਪਣੀ ਜ਼ਮਾਨਤ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਸੀ ਅਤੇ ਦੇਸ਼ ਦੀ ਸਿਖ਼ਰਲੀ ਅਦਾਲਤ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ। ਸ਼੍ਰੋਮਣੀ ਯੂਥ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕੀਤਾ ਤੇ ਉਨ੍ਹਾਂ ਦੀ ਰਿਹਾਈ ਲਈ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰਾਂ ਤਾਂ ਚਾਹੁੰਦੀਆਂ ਸਨ ਕਿ ਇਹ ਜਿਊਂਦਾ ਬਾਹਰ ਹੀ ਨਾ ਆਵੇ, ਪਰ ਪ੍ਰਮਾਤਮਾ ਦੀ ਮੇਹਰ ਸਦਕਾ ਅੱਜ ਉਹ ਤੁਹਾਡੇ ਵਿਚਕਾਰ ਹਨ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਨੇ ਇਨ੍ਹਾਂ ਦਿਨਾਂ ਦੌਰਾਨ ਜੋ ਉਨ੍ਹਾਂ ਨੂੰ ਬਲ ਬਖਸ਼ਿਆ, ਉਹ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜਿੰਨਾ ਸਰਕਾਰ ਮੈਨੂੰ ਦੱਬਦੀ ਸੀ, ਓਨਾ ਮੇਰਾ ਵਾਹਿਗੁਰੂ ਮੈਨੂੰ ਬਲ ਬਖਸ਼ਦਾ ਸੀ ਕਿ ਦਿੱਲੀ ਦੇ ਹੁਕਮਰਨਾਮਾਂ ਨਾਲ ਇੱਟ ਨਾਲ ਇੱਟ ਖੜਕਾਉਣੀ ਹੈ।

ਰੰਗਿਆਂ ਬਿੱਲਿਆਂ ਨੂੰ ਕਹਿ ਦਿਓ, ਟਾਈਗਰ ਅਜੇ ਜਿੰਦਾ ਹੈ : ਬਿਕਰਮ ਮਜੀਠੀਆ

ਭਾਰਤ-ਅਮਰੀਕਾ ਸਮਝੌਤਾ 'ਮੇਕ ਇਨ ਇੰਡੀਆ' ਨੂੰ ਉਤਸ਼ਾਹਿਤ ਕਰੇਗਾ: ਜੈਸ਼ੰਕਰ

ਟਰੰਪ ਨੇ ਭਾਰਤ 'ਤੇ ਟੈਕਸ ਘਟਾ ਕੇ 18 ਫੀਸਦੀ ਕੀਤਾ

ਨਵੀਂ ਦਿੱਲੀ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਦੋਵਾਂ ਅਰਥਵਿਵਸਥਾਵਾਂ ਵਿੱਚ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੇਸ਼ ਦੇ 'ਮੇਕ ਇਨ ਇੰਡੀਆ' ਯਤਨਾਂ ਨੂੰ ਮਜ਼ਬੂਤ ਕਰੇਗਾ। ਅਮਰੀਕਾ ਦੇ ਤਿੰਨ ਦਿਨਾ ਦੌਰੇ 'ਤੇ ਆਏ ਜੈਸ਼ੰਕਰ ਨੇ ਕਿਹਾ ਕਿ ਉਹ ਦੁਵੱਲੇ ਵਪਾਰ ਸਬੰਧੀ ਕੀਤੇ ਐਲਾਨਾਂ ਦਾ ਸਵਾਗਤ ਕਰਦੇ ਹਨ। ਭਾਰਤ ਅਤੇ ਅਮਰੀਕਾ ਇੱਕ ਵਪਾਰ ਸਮਝੌਤੇ 'ਤੇ ਸਹਿਮਤ ਹੋਏ ਹਨ ਜਿਸ ਤਹਿਤ ਵਾਸ਼ਿੰਗਟਨ ਭਾਰਤੀ ਵਸਤੂਆਂ 'ਤੇ ਟੈਰਿਫ ਨੂੰ 25 ਪ੍ਰਤੀਸ਼ਤ ਤੋਂ ਘਟਾ ਕੇ 18 ਪ੍ਰਤੀਸ਼ਤ ਕਰੇਗਾ। ਇਸ ਸਬੰਧੀ ਐਲਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਕਰਨ ਤੋਂ ਬਾਅਦ ਕੀਤਾ।

ਜੈਸ਼ੰਕਰ ਨੇ ਐਕਸ 'ਤੇ ਇੱਕ ਪੋਸਟ ਪਾ ਕੇ ਕਿਹਾ, 'ਇਸ ਸਮਝੌਤੇ ਨਾਲ ਨੌਕਰੀਆਂ ਵਧਣਗੀਆਂ ਤੇ ਇਹ ਵਿਕਾਸ ਨੂੰ ਉਤਸ਼ਾਹਿਤ ਕਰੇਗਾ ਅਤੇ ਦੋਵਾਂ ਅਰਥਵਿਵਸਥਾਵਾਂ ਵਿੱਚ ਨਵੇਂ ਕੰਮ ਹੋਣਗੇ। ਇਹ ਮੇਕ ਇਨ ਇੰਡੀਆ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰੇਗਾ ਅਤੇ ਤਕਨਾਲੋਜੀ ਬਾਰੇ ਸਬੰਧਾਂ ਨੂੰ ਉਤਸ਼ਾਹਿਤ ਕਰੇਗਾ। ਸਾਡੇ ਆਰਥਿਕ ਸਬੰਧਾਂ ਵਿੱਚ ਮੌਕੇ ਸੱਚਮੁੱਚ ਬਹੁਤ ਜ਼ਿਆਦਾ ਹਨ ਅਤੇ ਸਾਨੂੰ ਉਨ੍ਹਾਂ ਨੂੰ ਸਾਕਾਰ ਕਰਨ ਦਾ ਵਿਸ਼ਵਾਸ ਹੈ। ਇੱਕ ਮਜ਼ਬੂਤ ਆਰਥਿਕ ਸਬੰਧ ਸਾਡੀ ਰਣਨੀਤਕ ਭਾਈਵਾਲੀ ਦੀ ਸਭ ਤੋਂ ਮਜ਼ਬੂਤ ਨੀਂਹ ਹੈ।'

ਵਪਾਰ ਸਮਝੌਤੇ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਖੁਸ਼ ਹਨ ਕਿ 'ਮੇਡ ਇਨ ਇੰਡੀਆ' ਉਤਪਾਦਾਂ 'ਤੇ ਹੁਣ ਟੈਕਸ ਵਿਚ ਕਟੌਤੀ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਤੇ ਭਾਰਤ ਵਪਾਰ ਸਮਝੌਤੇ ਲਈ ਸਹਿਮਤ ਹੋ ਗਏ ਹਨ। ਇਸ ਕਰਾਰ ਤਹਿਤ ਅਮਰੀਕਾ ਭਾਰਤ ਤੋਂ ਦਰਾਮਦ ਵਸਤਾਂ 'ਤੇ ਲੱਗਦੇ ਟੈਰਿਫ ਨੂੰ 25 ਫੀਸਦ ਤੋਂ ਘਟਾ ਕੇ 18 ਫੀਸਦ ਕਰੇਗਾ। ਟਰੰਪ ਨੇ ਦਾਅਵਾ ਕੀਤਾ ਕਿ ਭਾਰਤ ਨੇ ਰੂਸੀ ਤੇਲ ਦੀ ਖਰੀਦ ਬੰਦ ਕਰਨ ਦੀ ਸਹਿਮਤੀ ਦਿੱਤੀ ਹੈ ਤੇ ਉਹ ਹੁਣ ਅਮਰੀਕਾ ਤੇ ਵੈਨੇਜ਼ੁਏਲਾ ਤੋਂ ਵੱਧ ਤੇਲ ਖਰੀਦੇਗਾ। ਅਮਰੀਕੀ ਸਦਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ 'ਤੇ ਗੱਲਬਾਤ ਮਗਰੋਂ ਦੋਵੇਂ ਮੁਲਕਾਂ ਵਿਚ ਵਪਾਰ ਸਮਝੌਤੇ ਬਾਰੇ ਸਹਿਮਤੀ ਬਣੀ ਹੈ। ਨਵੀਂ ਦਿੱਲੀ ਵਿਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪੋਸਟ ਵਿਚ ਸੋਮਵਾਰ ਨੂੰ ਟਰੰਪ-ਮੋਦੀ ਗੱਲਬਾਤ ਦੀ ਪੁਸ਼ਟੀ ਕੀਤੀ।

ਜਦੋਂ ਤੁਸੀਂ ਸਾਡਾ ਗਲਾ ਘੁੱਟੋਗੇ, ਤਾਂ ਸਾਨੂੰ ਲੜਨਾ ਹੀ ਪਵੇਗਾ: ਰਾਜਾ ਵੜਿੰਗ

ਨਵੀਂ ਦਿੱਲੀ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਵਿੱਚ ਚੀਨ ਸਰਹੱਦ ਦੇ ਮੁੱਦੇ 'ਤੇ ਹੋਏ ਜ਼ਬਰਦਸਤ ਹੰਗਾਮੇ ਤੋਂ ਬਾਅਦ ਵਿਰੋਧੀ ਧਿਰ ਦੇ ਅੱਠ ਸੰਸਦ ਮੈਂਬਰਾਂ ਨੂੰ ਪੂਰੇ ਬਜਟ ਸੈਸ਼ਨ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਮੁਅੱਤਲ ਕੀਤੇ ਗਏ ਮੈਂਬਰਾਂ ਵਿੱਚ ਸ਼ਾਮਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਂਸਦ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਰਕਾਰ 'ਤੇ ਤਾਨਾਸ਼ਾਹੀ ਦੇ ਦੋਸ਼ ਲਗਾਉਂਦੇ ਹੋਏ ਕਿਹਾ ਕਿ

ਜਦੋਂ ਵਿਰੋਧੀ ਧਿਰ ਦੀ ਆਵਾਜ਼ ਦਬਾਈ ਜਾਂਦੀ ਹੈ, ਤਾਂ ਉਨ੍ਹਾਂ ਕੋਲ ਸੰਘਰਸ਼ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ।

ਵੜਿੰਗ ਨੇ ਕਿਹਾ, ਜਦੋਂ ਤੁਸੀਂ ਸਾਡੀ ਸਾਹ ਵਾਲੀ ਨਲੀ 'ਤੇ ਹੱਥ ਰੱਖੋਗੇ (ਗਲਾ ਘੁੱਟੋਗੇ), ਤਾਂ ਸਾਨੂੰ ਜਵਾਬੀ ਲੜਾਈ ਲੜਨੀ ਹੀ ਪਵੇਗੀ। ਉਨ੍ਹਾਂ ਸਵਾਲ ਕੀਤਾ ਕਿ ਸਰਕਾਰ ਰਾਹੁਲ ਗਾਂਧੀ ਦੇ ਸ਼ਬਦਾਂ ਤੋਂ ਇੰਨੀ ਕਿਉਂ ਡਰ ਰਹੀ ਹੈ।

ਘਾਹ ਨਾਲ ਅੱਖਾਂ ਬੰਦ ਕਰਕੇ ਬਣਾਈ ਗਈ ਕਲਾ: ਮੁੱਖ ਮੰਤਰੀ ਭਗਵੰਤ ਮਾਨ ਗ੍ਰੇਟ ਗ੍ਰਾਸ ਆਰਟਿਸਟ ਦੇ ਹੁਨਰ ਤੋਂ ਪ੍ਰਭਾਵਿਤ ਹੋਏ

ਮੁੱਖ ਮੰਤਰੀ ਭਗਵੰਤ ਮਾਨ ਨੂੰ ਘਾਹ ਦੇ ਤਿਣਕਿਆਂ ਤੋਂ ਰਾਸ਼ਟਰੀ ਪੰਛੀ ਮੋਰ ਦੀ ਬੰਦ ਅੱਖਾਂ ਨਾਲ ਬਣਾਈ ਕਲਾਕ੍ਰਿਤੀ ਨੇ ਕੀਤਾ ਪ੍ਰਭਾਵਿਤ

ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੁਝ ਦਿਨ ਪਹਿਲਾਂ, ਇੱਕ ਸਮਾਗਮ ਦੌਰਾਨ, ਰਾਜਪੁਰਾ ਦੇ ਦੇਸ਼ ਦੇ ਇਕਲੌਤੇ ਗ੍ਰੇਟ ਗ੍ਰਾਸ ਆਰਟਿਸਟ ਅਭਿਸ਼ੇਕ ਕੁਮਾਰ ਚੌਹਾਨ ਨੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨਾਲ ਖਾਸ ਮੁਲਾਕਾਤ ਕੀਤੀ। ਇਸ ਮੌਕੇ, ਕਲਾਕਾਰ ਨੇ ਮੁੱਖ ਮੰਤਰੀ ਨੂੰ ਘਾਹ ਦੇ ਤਿਣਕਿਆਂ ਤੋਂ ਬਣੀ ਭਾਰਤ ਦੇ ਰਾਸ਼ਟਰੀ ਪੰਛੀ, ਮੋਰ ਦੀ ਇੱਕ ਵਿਸ਼ੇਸ਼ ਕਲਾਕ੍ਰਿਤੀ ਭੇਟ ਕੀਤੀ ਜੋ ਕਿ ਕਲਾਕਾਰ ਨੇ ਆਪਣੀਆਂ ਅੱਖਾਂ ਪੂਰੀ ਤਰ੍ਹਾਂ ਬੰਦ ਕਰਕੇ ਤਿਆਰ ਕੀਤੀ ਹੈ। ਇਸ ਦੇ ਨਾਲ, ਘਾਹ ਤੋਂ ਬਣੀ 'ਇੱਕ ਓਂਕਾਰ' ਨੂੰ ਦਰਸਾਉਂਦੀ ਇੱਕ ਕਲਾਕ੍ਰਿਤੀ ਵੀ ਮੁੱਖ ਮੰਤਰੀ ਨੂੰ ਭੇਟ ਕੀਤੀ ਗਈ। ਇਹ

ਨੇਤਰਹੀਣ ਖਿਡਾਰੀਆਂ ਨੇ ਪਹਿਲੀ ਵਾਰ ਰਾਸ਼ਟਰੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿੱਚ ਕੀਤਾ ਆਪਣੇ ਹੁਨਰ ਦਾ ਪ੍ਰਦਰਸ਼ਨ

ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ ਨੇ ਭਾਰਤੀ ਤੀਰਅੰਦਾਜ਼ੀ ਐਸੋਸੀਏਸ਼ਨ ਦੇ ਸ਼ਿਸ਼ਟਾਚਾਰ ਨਾਲ ਰਚਿਆ ਇਤਿਹਾਸ

ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐਨਆਈਐਸ) ਵਿਖੇ ਆਯੋਜਿਤ 7ਵੀਂ ਐਨਟੀਪੀਸੀ ਨੈਸ਼ਨਲ ਤੀਰਅੰਦਾਜ਼ੀ ਚੈਂਪੀਅਨਸ਼ਿਪ ਨੇ ਇੱਕ ਨਵਾਂ ਅਤੇ ਪ੍ਰੇਰਨਾਦਾਇਕ ਅਧਿਆਇ ਜੋੜਿਆ ਹੈ। ਪਹਿਲੀ ਵਾਰ, ਨੇਤਰਹੀਣ ਤੀਰਅੰਦਾਜ਼ਾਂ ਨੇ ਇਸ ਵੱਕਾਰੀ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਆਪਣੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ।

ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦੇ ਨੇਤਰਹੀਣ ਐਥਲੀਟਾਂ ਨੇ ਵਿਸ਼ੇਸ਼ ਤਕਨੀਕਾਂ ਅਤੇ ਸਿਖਲਾਈ ਰਾਹੀਂ ਸ਼ਾਨਦਾਰ ਨਿਸ਼ਾਨਾ ਸ਼ੁੱਧਤਾ ਦਾ ਪ੍ਰਦਰਸ਼ਨ ਕੀਤਾ। ਆਡੀਓ ਸੰਕੇਤਾਂ ਅਤੇ ਕੋਚਾਂ ਦੇ ਮਾਰਗਦਰਸ਼ਨ ਨਾਲ, ਇਹ ਐਥਲੀਟ ਆਤਮਵਿਸ਼ਵਾਸ ਨਾਲ ਸ਼ੂਟਿੰਗ ਕਰ ਰਹੇ ਹਨ, ਦਰਸ਼ਕਾਂ ਅਤੇ ਹੋਰ ਐਥਲੀਟਾਂ ਨੂੰ ਪ੍ਰੇਰਿਤ ਕਰ ਰਹੇ ਹਨ।

ਮੀਡੀਆ ਨਾਲ ਗੱਲ ਕਰਦੇ ਹੋਏ, ਚੈਂਪੀਅਨਸ਼ਿਪ ਦੇ ਪ੍ਰਬੰਧਕ, ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਰਵਿੰਦਰ ਕੁਮਾਰ ਬਾਲੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਇੱਕ ਨੇਤਰਹੀਣ ਵਰਗ ਨੂੰ ਰਾਸ਼ਟਰੀ ਪੱਧਰ ਦੇ ਤੀਰਅੰਦਾਜ਼ੀ ਮੁਕਾਬਲੇ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸਦਾ ਉਦੇਸ਼ ਇੱਕ ਸਮਾਵੇਸ਼ੀ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਅਪਾਹਜ ਖਿਡਾਰੀਆਂ ਲਈ ਇੱਕ ਰਾਸ਼ਟਰੀ ਪਲੇਟਫਾਰਮ ਪ੍ਰਦਾਨ ਕਰਨਾ ਹੈ। ਉਨ੍ਹਾਂ ਨੇ ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ ਲਈ ਇੱਕ ਰਾਸ਼ਟਰੀ ਪੱਧਰ ਦੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰਨ 'ਤੇ ਮਾਣ ਪ੍ਰਗਟ ਕੀਤਾ।

ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਨਵਜੋਤ ਸਿੰਘ ਨੇ ਕਿਹਾ ਕਿ ਨੇਤਰਹੀਣ ਐਥਲੀਟਾਂ

ਨੇ ਸਾਬਤ ਕਰ ਦਿੱਤਾ ਹੈ ਕਿ ਖੇਡਾਂ ਸਿਰਫ਼ ਅੱਖਾਂ ਨਾਲ ਨਹੀਂ, ਸਗੋਂ ਇਕਾਗਰਤਾ, ਆਤਮਵਿਸ਼ਵਾਸ ਅਤੇ ਸਖ਼ਤ ਮਿਹਨਤ ਨਾਲ ਜਿੱਤੀਆਂ ਜਾਂਦੀਆਂ ਹਨ। ਬਹੁਤ ਸਾਰੇ ਐਥਲੀਟਾਂ ਨੇ ਸ਼ੁਰੂਆਤੀ ਦੌਰ ਵਿੱਚ ਪ੍ਰਭਾਵਸ਼ਾਲੀ ਸਕੋਰ ਪ੍ਰਾਪਤ ਕਰਕੇ ਭਵਿੱਖ ਲਈ ਮਜ਼ਬੂਤ ਦਾਅਵੇ ਸਥਾਪਿਤ ਕੀਤੇ ਹਨ।

ਮੁਕਾਬਲੇ ਵਿੱਚ ਸ਼ਾਮਲ ਦਰਸ਼ਕਾਂ ਨੇ ਵੀ ਨੇਤਰਹੀਣ ਐਥਲੀਟਾਂ ਦੇ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀ ਹਿੰਮਤ ਨੂੰ ਸਲਾਮ ਕੀਤਾ। ਖੇਡ ਪ੍ਰੇਮੀਆਂ ਦਾ ਮੰਨਣਾ ਹੈ ਕਿ ਇਹ ਪਹਿਲ ਭਵਿੱਖ ਵਿੱਚ ਅਪਾਹਜ ਖਿਡਾਰੀਆਂ ਨੂੰ ਖੇਡਾਂ ਵਿੱਚ ਜੋੜਨ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ।

ਰਾਸ਼ਟਰੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿੱਚ ਨੇਤਰਹੀਣ ਐਥਲੀਟਾਂ ਦੀ ਇਹ ਇਤਿਹਾਸਕ ਭਾਗੀਦਾਰੀ ਨਾ ਸਿਰਫ਼ ਭਾਰਤੀ ਖੇਡ ਜਗਤ ਲਈ ਮਾਣ ਵਾਲੀ ਗੱਲ ਹੈ ਬਲਕਿ ਇਹ ਸੰਦੇਸ਼ ਵੀ ਦਿੰਦੀ ਹੈ ਕਿ ਹਿੰਮਤ ਲਈ ਕੋਈ ਵੀ ਰੁਕਾਵਟ ਬਹੁਤ ਵੱਡੀ ਨਹੀਂ ਹੈ।

ਇਸ ਮੌਕੇ ਓਲੰਪੀਅਨ, ਦਰੋਣਾਚਾਰੀਆ ਅਵਾਰਡੀ, ਅਰਜੁਨ ਐਵਾਰਡੀ ਮੁੱਖ ਮਹਿਮਾਨ ਸੰਜੀਵਾ ਸਿੰਘ ਦੇ ਨਾਲ ਵਿਸ਼ੇਸ਼ ਮਹਿਮਾਨ ਮੋਹਨ ਲਾਲ ਕਟਾਰੀਆ ਪ੍ਰਸਿੱਧ ਉਦਯੋਗਪਤੀ ਅਤੇ ਓਲੰਪੀਅਨ ਸੱਤਿਆਦੇਵ ਨੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਤਗਮੇ ਦੇਣ ਲਈ ਸ਼ਿਰਕਤ ਕੀਤੀ।

ਯੂਥ ਕਾਂਗਰਸ ਦੀਆਂ ਚੋਣਾਂ ਵਿਚ ਵਿਧਾਨ ਸਭਾ ਹਲਕਾ ਖਰੜ ਤੋਂ ਸੰਯਮ ਜੈਨ ਵਲੋਂ ਚੋਣ ਲੜਨ ਦਾ ਐਲਾਨ

ਖਰੜ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਖਰੜ ਵਿਧਾਨ ਸਭਾ ਹਲਕੇ ਵਿੱਚ ਯੂਥ ਕਾਂਗਰਸ ਦੀਆਂ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸੇ ਕੜੀ ਹੇਠ ਖਰੜ ਹਲਕੇ ਦੇ ਨੌਜਵਾਨਾਂ ਵਿੱਚ ਲੋਕਪ੍ਰਿਯ ਚਿਹਰਾ ਅਤੇ ਲਗਾਤਾਰ ਸਮਾਜ ਸੇਵਾ ਨਾਲ ਜੁੜੇ ਰਹੇ ਸੰਯਮ ਜੈਨ ਨੇ ਯੂਥ ਕਾਂਗਰਸ ਦੇ ਪ੍ਰਧਾਨ ਪਦ ਲਈ ਆਪਣੀ ਉਮੀਦਵਾਰੀ ਦਾ ਅਧਿਕਾਰਿਕ ਐਲਾਨ ਕੀਤਾ ਹੈ ਸੰਯਮ ਜੈਨ ਖਰੜ ਦੇ ਇੱਕ ਮਾਣਯੋਗ ਕਾਰੋਬਾਰੀ ਪਰਿਵਾਰ ਨਾਲ ਸਬੰਧਤ ਹਨ। ਉਹ ਖਰੜ ਦੇ ਪ੍ਰਸਿੱਧ ਸਮਾਜਸੇਵੀ ਸੁਭਾਸ਼ ਚੰਦ ਦੇ ਪੋਤਰੇ ਹਨ, ਜਿਨ੍ਹਾਂ ਨੇ ਖਰੜ ਵਿੱਚ ਸਮਾਜਿਕ ਸਰਗਰਮੀਆਂ ਅਤੇ ਲੋਕ-ਹਿਤੈਸ਼ੀ ਕੰਮਾਂ ਰਾਹੀਂ ਆਪਣੀ ਵੱਖਰੀ ਪਛਾਣ ਬਣਾਈ। ਉਨ੍ਹਾਂ ਦੀ ਸਮਾਜ ਸੇਵਾ ਅੱਜ ਵੀ ਖਰੜ ਵਾਸੀਆਂ ਵਿੱਚ ਲੋਕਪ੍ਰਿਯਤਾ ਦੀ ਗਵਾਹ ਹੈ।ਪਿਛਲੇ 7 ਸਾਲਾਂ ਤੋਂ ਸੰਯਮ ਜੈਨ ਲਗਾਤਾਰ ਖਰੜ ਵਿੱਚ ਸਮਾਜ ਸੇਵਾ ਦੇ ਕੰਮਾਂ ਵਿੱਚ ਸਰਗਰਮ ਹਨ। ਉਹ ਮੌਜੂਦਾ ਸਮੇਂ ਵਿੱਚ ਕ੍ਰਿਸ਼ਨਾ ਕਲੱਬ ਖਰੜ ਦੇ ਪ੍ਰਧਾਨ,ਦਾਨਵੀਰ ਫਾਊਂਡੇਸ਼ਨ ਐਨਜੀਓ (ਰਜਿ.) ਖਰੜ ਦੇ ਜਨਰਲ ਸਕੱਤਰ,ਦਸਿਹਰਾ ਕਮੇਟੀ (ਰਜਿ.) ਖਰੜ ਦੇ ਮੈਂਬਰ,ਰਾਮ ਲੀਲਾ ਦਸਿਹਰਾ ਗਰਾਊਂਡ ਖਰੜ ਦੇ ਮੈਂਬਰ ਹਨ ਅਤੇ ਇਸ ਤੋਂ ਇਲਾਵਾ ਹੋਰ ਕਈ ਸਮਾਜਿਕ ਸੰਸਥਾਵਾਂ ਨਾਲ ਵੀ ਸਰਗਰਮ ਤੌਰ 'ਤੇ ਜੁੜੇ ਹੋਏ ਹਨ ਸੰਯਮ ਜੈਨ ਨੇ ਕਿਹਾ ਕਿ ਯੂਥ ਕਾਂਗਰਸ ਨੌਜਵਾਨਾਂ ਦੀ ਸੱਚੀ ਆਵਾਜ਼ ਹੈ ਅਤੇ ਉਹ ਹਮੇਸ਼ਾ ਨੌਜਵਾਨਾਂ ਦੇ ਹੱਕਾਂ, ਰੋਜ਼ਗਾਰ, ਸਿੱਖਿਆ ਅਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨ ਸਾਥੀਆਂ ਦਾ ਭਰੋਸਾ ਅਤੇ ਸਮਰਥਨ ਮਿਲਿਆ ਤਾਂ ਖਰੜ ਵਿਧਾਨ ਸਭਾ ਹਲਕੇ ਵਿੱਚ ਯੂਥ ਕਾਂਗਰਸ ਨੂੰ ਹੋਰ ਮਜ਼ਬੂਤ ਅਤੇ ਸਰਗਰਮ ਬਣਾਇਆ ਜਾਵੇਗਾ ਉਨ੍ਹਾਂ 18 ਤੋਂ 35 ਸਾਲ ਦੇ ਨੌਜਵਾਨ ਭੈਣ-ਭਰਾਵਾਂ ਦੇ ਨਾਲ-ਨਾਲ ਸਾਰੇ ਖਰੜ ਵਾਸੀਆਂ ਨੂੰ ਅਪੀਲ ਕੀਤੀ ਕਿ ਆਉਣ ਵਾਲੀ ਯੂਥ ਕਾਂਗਰਸ ਵੋਟਿੰਗ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਇੱਕ ਇਮਾਨਦਾਰ, ਜ਼ਮੀਨੀ ਅਤੇ ਸੇਵਾ-ਭਾਵਨਾ ਨਾਲ ਜੁੜੇ ਨੌਜਵਾਨ ਨੇਤ੍ਰਿਤਵ ਨੂੰ ਆਪਣਾ ਕੀਮਤੀ ਸਮਰਥਨ ਦੇਣ। ਸੰਯਮ ਜੈਨ ਨੇ ਕਿਹਾ ਕਿ ਉਹ ਆਪਣੇ ਦਾਦਾ ਜੀ ਸੁਭਾਸ਼ ਚੰਦ ਵੱਲੋਂ ਦਿਖਾਏ ਗਏ ਸਮਾਜ ਸੇਵਾ ਦੇ ਰਾਹ 'ਤੇ ਚੱਲਦੇ ਹੋਏ ਖਰੜ ਦੇ ਹਰ ਵਰਗ, ਖਾਸ ਕਰਕੇ ਨੌਜਵਾਨਾਂ ਦੀ ਭਲਾਈ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਦੇ ਰਹਿਣਗੇ ਅਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣਗੇ।

ਪੰਜਾਬ ਦੇ ਅਬੋਹਰ ਤੋਂ ਬੰਗਲਾਦੇਸ਼ ਤੱਕ ਜਾਂਦਾ ਕਿੰਨੂ

ਚੰਡੀਗੜ੍ਹ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਿੰਨੂ ਦੀ ਬਾਗਬਾਨੀ ਕਿਸਾਨਾਂ ਦੀ ਆਰਥਿਕਤਾ ਨੂੰ ਹੁਲਾਰਾ ਦੇ ਸਕਦੀ ਹੈ। ਪਿਛਲੇ ਦੋ ਸਾਲਾਂ ਤੋਂ ਭਾਅ ਚੰਗਾ ਰਹਿਣ ਕਾਰਨ ਕਿੰਨੂ ਬਾਗਬਾਨ ਬਹੁਤ ਖੁਸ਼ ਹਨ। ਕਿੰਨੂਆਂ ਨੂੰ ਕਣਕ ਤੇ ਝੋਨੇ ਦੇ ਮੁਕਾਬਲੇ ਬਹੁਤ ਘੱਟ ਪਾਣੀ ਦੀ ਲੋੜ ਪੈਂਦੀ ਹੈ ਜਦਕਿ ਕਮਾਈ ਵੱਧ ਹੁੰਦੀ ਹੈ। ਪੰਜਾਬ ਵਿੱਚ ਕਰੀਬ 50 ਹਜ਼ਾਰ ਹੈਕਟੇਅਰ ਰਕਬਾ ਕਿੰਨੂ ਹੇਠ ਹੈ। ਫਾਜ਼ਿਲਕਾ, ਮੁਕਤਸਰ, ਬਠਿੰਡਾ ਤੇ ਹੁਸ਼ਿਆਰਪੁਰ ਜ਼ਿਲ੍ਹੇ ਕਿੰਨੂ ਲਈ ਜਾਣੇ ਜਾਂਦੇ ਹਨ ਅਤੇ ਦੇਸ਼ ਭਰ 'ਚ ਕਿੰਨੂ ਦੀ ਪੈਦਾਵਾਰ ਵਿੱਚ ਪੰਜਾਬ ਮੋਹਰੀ ਹੈ। ਉੱਤਰੀ ਭਾਰਤ ਵਿੱਚ ਕੇਲੇ ਅਤੇ ਅੰਬ ਤੋਂ ਬਾਅਦ ਕਿੰਨੂ ਤੀਜੀ ਵੱਡੀ ਬਾਗਬਾਨੀ ਹੈ।

ਫ਼ਸਲੀ ਵਿਭਿੰਨਤਾ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ 1954-55 ਵਿੱਚ ਕਿੰਨੂ ਕੈਲੇਫੋਰਨੀਆ ਤੋਂ ਪੰਜਾਬ ਲਿਆਂਦਾ ਗਿਆ ਸੀ ਕਿਉਂਕਿ ਪੰਜਾਬ ਦੀ ਮਿੱਟੀ ਅਤੇ ਜਲਵਾਯੂ ਕਿੰਨੂ ਦੀ ਬਾਗਬਾਨੀ ਦੇ ਅਨੁਕੂਲ ਸਨ ਪਰ ਪੰਜਾਬ ਵਿੱਚ ਕਿੰਨੂ ਵੱਡੇ ਕਿਸਾਨਾਂ ਤੱਕ ਹੀ ਸੀਮਤ ਰਿਹਾ ਕਿਉਂਕਿ ਕਿੰਨੂ ਦੇ ਬੂਟੇ ਚਾਰ ਸਾਲ ਦੀ ਉਮਰ 'ਚ ਅਸਲ ਪੈਦਾਵਾਰ ਸ਼ੁਰੂ ਕਰਦੇ ਹਨ। ਛੋਟੇ ਕਿਸਾਨ ਚਾਰ ਸਾਲ ਤੱਕ ਆਰਥਿਕ ਨੁਕਸਾਨ ਨਹੀਂ ਝੱਲ ਸਕਦੇ। ਦੂਜੇ ਪਾਸੇ ਕਿੰਨੂ ਦਾ ਸਰਕਾਰੀ ਮੰਡੀਕਰਨ ਨਾ ਹੋਣ ਕਾਰਨ ਵੀ ਛੋਟੇ ਕਿਸਾਨ ਇਸ ਤੋਂ ਕਿਨਾਰਾ ਕਰਦੇ ਹਨ। ਹਾਲਾਂਕਿ ਕਿੰਨੂ ਦਾ ਭਾਅ ਘਟਣ 'ਤੇ ਪੰਜਾਬ ਐਗਰੋ ਕਾਰਪੋਰੇਸ਼ਨ ਖਰੀਦ ਕਰਦੀ ਹੈ ਪਰ ਖਰੀਦ ਏਜੰਸੀ ਕੋਲ ਇੰਨੀ ਸਮਰਥਾ ਨਹੀਂ ਹੈ ਕਿ ਉਹ ਸਾਰਾ ਕਿੰਨੂ ਖਰੀਦ ਸਕੇ।

ਕਿੰਨੂ ਦੇ ਬਾਗ ਲਾਉਣ ਦਾ ਢੁਕਵਾਂ ਸਮਾਂ ਮੌਨਸੂਨ ਸੀਜ਼ਨ 'ਚ ਜੁਲਾਈ-ਸਤੰਬਰ ਮੰਨਿਆ ਜਾਂਦਾ ਹੈ। ਇੱਕ ਏਕੜ ਥਾਂ ਵਿੱਚ 109 ਤੋਂ 111 ਬੂਟੇ ਲੱਗਦੇ ਹਨ। ਕਿੰਨੂ ਦੇ ਬੂਟੇ ਨੂੰ ਡੇਢ ਤੋਂ 4 ਸਾਲ ਦੀ ਉਮਰ ਵਿੱਚ ਫ਼ਲ ਆਉਣਾ ਸ਼ੁਰੂ ਹੋ ਜਾਂਦਾ ਹੈ ਪਰ ਸ਼ੁਰੂਆਤ ਵਿੱਚ ਫ਼ਲ ਬਹੁਤ ਘੱਟ ਲੱਗਦਾ ਹੁੰਦਾ ਹੈ ਪਰ ਅਸਲ ਪੈਦਾਵਾਰ ਚੌਥੇ ਸਾਲ ਤੋਂ ਸ਼ੁਰੂ ਹੁੰਦੀ ਹੈ। ਅਗਸਤ ਤੋਂ ਨਵੰਬਰ ਤੱਕ ਫ਼ਲ ਵਧਦਾ-ਫੁੱਲਦਾ ਹੈ ਤੇ ਜਨਵਰੀ ਵਿੱਚ ਤੁੜਾਈ ਸ਼ੁਰੂ ਹੋ ਜਾਂਦੀ ਹੈ। ਕਿੰਨੂ ਦੇ ਤੰਦਰੁਸਤ ਬੂਟੇ ਨੂੰ ਅੰਦਾਜ਼ਨ 1000 ਫ਼ਲ ਲੱਗਦੇ ਹਨ ਜਾਂ ਇੱਕ ਬੂਟਾ ਕਰੀਬ 45 ਕਿੱਲੋ ਝਾੜ ਦਿੰਦਾ ਹੈ। ਕਿੰਨੂ ਦੇ ਬੂਟੇ ਦੀ ਉਮਰ ਕਰੀਬ 22 ਸਾਲ ਹੁੰਦੀ ਹੈ। ਬਾਗ ਲਾਉਣ ਲਈ ਪ੍ਰਤੀ ਹੈਕਟੇਅਰ 75 ਹਜ਼ਾਰ ਰੁਪਏ ਖਰਚਾ ਆਉਂਦਾ ਹੈ ਜਿਸ ਲਈ ਸਰਕਾਰ ਕਿਸਾਨਾਂ ਨੂੰ ਨੈਸ਼ਨਲ ਹੌਰਟੀਕਲਚਰ ਮਿਸ਼ਨ ਤਹਿਤ 40 ਫ਼ੀਸਦੀ ਸਬਸਿਡੀ ਦਿੰਦੀ ਹੈ। ਕਿਸਾਨ ਕਿੰਨੂ ਦੇ ਇਕ ਏਕੜ ਰਕਬੇ 'ਚੋਂ 2-3 ਲੱਖ ਰੁਪਏ ਕਮਾਉਂਦੇ ਹਨ।

ਇਹ ਨਿੰਬੂ ਦੀ ਜਾਤੀ ਦਾ ਬੂਟਾ ਹੈ। ਇਸ ਦੀਆਂ ਕਿਸਮਾਂ ਕਿੰਨੂ ਨੰਬਰ-1 (ਬੀਜ ਰਹਿਤ) ਅਤੇ ਡੇਜ਼ੀ ਟੈਂਜਰੀਨ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਤਿਆਰ ਕੀਤੀ ਗਈ 'ਬੀਜ ਰਹਿਤ' ਕਿਸਮ ਨੂੰ ਕਿਸਾਨਾਂ ਨੇ ਪਸੰਦ ਨਹੀਂ ਕੀਤੀ ਕਿਉਂਕਿ ਉਸ ਦਾ ਝਾੜ ਘੱਟ ਹੈ। ਕਿੰਨੂ ਮਨੁੱਖ ਲਈ ਵਿਟਾਮਿਨ-ਸੀ ਦਾ ਵੱਡਾ ਸਰੋਤ ਹੈ। ਕਿੰਨੂ ਦੀ ਬਾਗਬਾਨੀ ਨਾਲ ਕਿਸਾਨ ਬਹੁ-ਫ਼ਸਲੀ ਵਿਧੀ ਤਹਿਤ ਸਬਜ਼ੀਆਂ ਤੇ ਹੋਰ ਫ਼ਸਲਾਂ ਬੀਜ ਸਕਦੇ ਹਨ। ਪਿਛਲੇ ਦੋ ਵਰ੍ਹਿਆਂ ਤੋਂ ਕਿੰਨੂ ਦਾ ਚੰਗਾ ਭਾਅ ਮਿਲ ਰਿਹਾ ਹੈ ਅਤੇ ਕਰੀਬ 3 ਤੋਂ ਸਾਢੇ 5 ਲੱਖ ਰੁਪਏ ਪ੍ਰਤੀ ਏਕੜ ਬਾਗ ਠੇਕੇ 'ਤੇ ਚੜ੍ਹੇ ਹਨ। ਲੰਬੀ ਹਲਕੇ ਵਿੱਚ ਬਾਗ ਸਾਲਾਨਾ ਉੱਕਾ-ਪੁੱਕਾ ਠੇਕੇ 'ਤੇ ਦੇਣ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਦਕਿ ਅਬੋਹਰ ਖੇਤਰ ਵਿੱਚ ਕਿੰਨੂ ਤੋਲ ਕੇ ਵੇਚਣ ਦਾ ਰੁਝਾਨ ਹੈ। ਸ੍ਰੀ ਮੁਕਤਸਰ ਜ਼ਿਲ੍ਹੇ ਦੇ ਬਾਗਬਾਨੀ ਵਾਲੇ ਕੁੱਲ 9068 ਏਕੜ ਰਕਬੇ 'ਚੋਂ ਕਰੀਬ 6365 ਏਕੜ (2576 ਹੈਕਟੇਅਰ) ਰਕਬੇ ਵਿੱਚ ਸਿਰਫ ਕਿੰਨੂ ਦੇ ਬਾਗ ਹਨ। ਲੰਬੀ ਹਲਕੇ ਵਿੱਚ ਸਭ ਤੋਂ ਵੱਧ ਕਿੰਨੂ ਬਾਗਬਾਨੀ ਦਾ ਲਗਪਗ 4936 ਏਕੜ (1997.7 ਹੈਕਟੇਅਰ) ਰਕਬਾ ਹੈ। ਮੁਕਤਸਰ ਬਲਾਕ

ਵਿੱਚ 158 ਹੈਕਟੇਅਰ, ਮਲੋਟ ਬਲਾਕ ਵਿੱਚ 327 ਅਤੇ ਗਿੱਦੜਬਾਹਾ ਬਲਾਕ ਵਿੱਚ 93.3 ਹੈਕਟੇਅਰ ਰਕਬਾ ਕਿੰਨੂ ਹੇਠ ਹੈ।

ਸਰਕਾਰ ਜੂਸ ਫੈਕਟਰੀ ਲਾਵੇ: ਮਹੇਸ਼ਇੰਦਰ ਸਿੰਘ ਬਾਦਲ

ਸੀਨੀਅਰ ਕਾਂਗਰਸੀ ਆਗੂ ਮਹੇਸ਼ਇੰਦਰ ਸਿੰਘ ਬਾਦਲ ਸਫ਼ਲ ਕਿੰਨੂ ਬਾਗਬਾਨ ਹਨ। ਉਨ੍ਹਾਂ ਦੇ ਮਰਹੂਮ ਪਿਤਾ ਤੇਜਾ ਸਿੰਘ ਬਾਦਲ ਨੇ ਕਰੀਬ 45-50 ਸਾਲ ਪਹਿਲਾਂ ਕਿੰਨੂਆਂ ਦਾ ਬਾਗ ਲਾਇਆ ਸੀ ਜਿਸ ਨੂੰ ਉਹ ਸਮੇਂ ਨਾਲ ਅਪਡੇਟ ਕਰਦੇ ਆ ਰਹੇ ਹਨ। ਉਨ੍ਹਾਂ ਆਖਿਆ ਕਿ ਕਿੰਨੂ ਸੰਵੇਦਨਸ਼ੀਲ ਬੂਟਾ ਹੈ। ਥੋੜ੍ਹੀ ਜਿਹੀ ਅਣਗਹਿਲੀ ਵੀ ਫਾਇਟੋਫਥੋਰਾ ਜਿਹੀ ਬਿਮਾਰੀ ਨੂੰ ਸੱਦਾ ਦੇ ਸਕਦੀ ਹੈ ਜਿਸ ਨਾਲ ਬੂਟਾ ਖ਼ਤਮ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿੰਨੂ ਦੀ ਕਮਾਈ ਵਪਾਰੀਆਂ ਦੇ ਮੁਨਾਫ਼ੇ 'ਤੇ ਨਿਰਭਰ ਹੈ। ਜੇਕਰ ਵਪਾਰੀ ਨੂੰ ਮੁਨਾਫ਼ਾ ਮਿਲਦਾ ਹੈ ਤਾਂ ਬਾਗਬਾਨ ਦੀ ਮਿਹਨਤ ਸਫ਼ਲ ਹੈ, ਨਹੀਂ ਤਾਂ ਸਭ ਮਿੱਟੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਸਮੇਂ ਕਿੰਨੂ ਬਾਗਬਾਨੀ ਲਈ ਉਪਰਾਲੇ ਹੋਏ ਸਨ ਪਰ ਉਸ ਤੋਂ ਬਾਅਦ ਸਰਕਾਰਾਂ ਨੇ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਛੋਟੇ ਕਿੰਨੂਆਂ (ਗੋਲੀ) ਲਈ ਸਰਕਾਰ ਨੂੰ ਜੂਸ ਫੈਕਟਰੀ ਲਾਉਣੀ ਚਾਹੀਦੀ ਹੈ ਤਾਂ ਜੋ ਬਗਬਾਨਾਂ ਨੂੰ ਮਿਹਨਤ ਦਾ ਪੂਰਾ ਮੁੱਲ ਮਿਲ ਸਕੇ।

ਟਿੱਕਾ ਭਰਾਵਾਂ ਦਾ 150 ਏਕੜ 'ਚ ਬਾਗ

ਡੇਢ ਸੌ ਏਕੜ ਰਕਬੇ ਵਿੱਚ ਕਿੰਨੂ ਦੀ ਬਾਗਬਾਨੀ ਕਰਨ ਵਾਲੇ ਅਬੁਲਖੁਰਾਣਾ ਦੇ ਬਲਵਿੰਦਰ ਸਿੰਘ ਟਿੱਕਾ ਨੂੰ 'ਕਿੰਨੂ ਕਿੰਗ ਆਫ ਇੰਡੀਆ' ਐਵਾਰਡ ਨਾਲ ਨਿਵਾਜਿਆ ਜਾ ਚੁੱਕਾ ਹੈ। ਉਹ ਕਿੰਨੂ ਬਾਗਬਾਨੀ ਨੂੰ ਤੁਪਕਾ ਵਿਧੀ ਰਾਹੀਂ ਸਿੰਜ ਕੇ ਜਲ ਬਚਾਓ ਮਿਸ਼ਨ ਵਿੱਚ ਯੋਗਦਾਨ ਪਾ ਰਹੇ ਹਨ। ਬਲਵਿੰਦਰ ਸਿੰਘ ਟਿੱਕਾ ਆਖਦੇ ਹਨ ਕਿ ਕਰੀਬ 45 ਸਾਲ ਪਹਿਲਾਂ ਉਨ੍ਹਾਂ ਨੂੰ ਕਿੰਨੂਆਂ 'ਚੋਂ ਭਵਿੱਖ ਨਜ਼ਰ ਆਇਆ ਸੀ। ਉਨ੍ਹਾਂ ਤਿੰਨ ਭਰਾਵਾਂ ਕੋਲ ਕੁੱਲ 200 ਏਕੜ ਜ਼ਮੀਨ ਹੈ। ਭਲੇ ਵੇਲਿਆਂ ਵਿੱਚ ਉਨ੍ਹਾਂ 70 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਟਿੱਬਿਆਂ ਵਾਲੀਆਂ ਜ਼ਮੀਨਾਂ ਖਰੀਦ ਕੇ ਕਿੰਨ

ਚੜ੍ਹਦੀ ਜਵਾਨੀ ਸਾਰੀ ਇੰਟਰਨੈੱਟ ਖਾ ਗਿਆ

ਅੱਜਕਲ੍ਹ ਦੇ ਬੱਚਿਆਂ ਦੀ ਸੋਚ ਕੁਝ ਇਸ ਤਰ੍ਹਾਂ ਹੁੰਦੀ ਜਾ ਰਹੀ ਹੈ ਕਿ ਘਰੋਂ ਤੁਰਨ ਤੋਂ ਪਹਿਲਾਂ ਇਹੋ ਸੋਚ ਕੇ ਅਗਾਂਹ ਵਲ ਨੂੰ ਕਦਮ ਧਰਦੇ ਹਨ ਕਿ ਰੱਬਾ ਰੋਟੀ ਘਰੇ ਬੇਸ਼ੱਕ ਨਾ ਮਿਲੇ ਪਰ ਰੀਚਾਰਜ ਵਾਲੀ ਦੁਕਾਨ ਵਿਚੋਂ ਨੈਟ ਪੈਕ ਜ਼ਰੂਰ ਮਿਲ ਜਾਵੇ ? ਪ੍ਰਭਾਤ ਵੇਲੇ ਵਾਹਿਗੁਰੂ ਘੰਟੇ ’ਚੋਂ 16 ਘੰਟੇ ਨੈੱਟਵਰਕ ਨਾਲ ਜੁੜੇ ਰਹਿਣ ਕਾਰਨ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਵੀ ਖਤਰਾ ਹੋ ਸਕਦਾ ਹੈ। ਇੰਟਰਨੈੱਟ ਦੀ ਜ਼ਿਆਦਾ ਵਰਤੋਂ ਕਰਨ ਨਾਲ ਸਾਡੀਆਂ ਅੱਖਾਂ ’ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ, ਜਿਸ ਉਪਰੰਤ ਜਿਵੇਂ ਹੀ ਸਾਡੀ ਉਮਰ ਢਲਦੀ

ਦੇ ਸਿਮਰਨ ਵੱਲ ਕਿਸੀ ਦੇ ਜਜ਼ਬਾਤ ਨਹੀਂ ਹੁੰਦੇ। ਸਭ ਤੋਂ ਪਹਿਲਾਂ ਤੜਕੇ ਉਠਣ ਸਾਰ ਹੀ ਫੇਸਬੁੱਕ ਦੀ ਦੁਨੀਆ ਵਿਚ ਸ਼ਾਮਿਲ ਹੋ ਜਾਂਦੇ ਹਨ। ਸਕੂਲਾਂ, ਕਾਲਜਾਂ ਵਿਚ ਇੰਟਰਨੈੱਟ ਦੀ ਦੁਰਵਰਤੋਂ ਦਿਨੋ-ਦਿਨ ਵਧਦੀ ਜਾ ਰਹੀ ਹੈ। ਹੋਰਨਾਂ ਦੇਸ਼ਾਂ ਨਾਲੋਂ ਭਾਰਤ ਵਿਚ ਜ਼ਿਆਦਾ ਫੇਸਬੁੱਕ ਮੋਬਾਈਲਾਂ ਦੇ ਵਿਚ ਲਾਗ ਆਨ ਹੋ ਰਹੀ ਹੈ ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਵਿਚ ਬਿਲਕੁਲ ਵੀ ਦਿਲਚਸਪੀ ਨਹੀਂ ਅਤੇ ਦਿਲਚਸਪੀ ਦੇ ਨਾ ਹੋਣ ਕਾਰਨ ਬਹੁਤ ਹੀ ਇੰਟੈਲੀਜੈਂਟ ਵਿਦਿਆਰਥੀ ਚੰਗੀ ਪੜ੍ਹਾਈ ਤੋਂ ਵਾਂਝੇ ਰਹਿ ਰਹੇ ਹਨ। ਇੰਟਰਨੈੱਟ ਚਲਾਉਣ ਨਾਲ ਅੱਜਕਲ੍ਹ ਦੇ ਵਿਦਿਆਰਥੀ ਬੇਰੁਜ਼ਗਾਰ ਹਨ, 24 ਜਾਂਦੀ ਹੈ ਨਾਲ ਹੀ ਸਾਨੂੰ ਲਿਖਣ ਅਤੇ ਪੜ੍ਹਨ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੰਟਰਨੈੱਟ ਕਾਰਨ ਸਾਡੇ ਕਈ ਜ਼ਰੂਰੀ ਕੰਮਾਂ ਅਤੇ ਪੜ੍ਹਾਈ ਵਿਚ ਵੀ ਰੁਕਾਵਟ ਆਉਂਦੀ ਹੈ। ਆਪਣਾ ਜ਼ਰੂਰੀ ਕੰਮ ਅਤੇ ਪੜ੍ਹਾਈ ਕਰਨ ਸਮੇਂ ਕੰਮ ਵੱਲ ਸਾਡਾ ਬਿਲਕੁਲ ਵੀ ਧਿਆਨ ਨਹੀਂ ਹੁੰਦਾ। ਉਸ ਕੰਮ ਦੀ ਬਜਾਏ ਸਾਡਾ ਸਾਰਾ ਧਿਆਨ ਇੰਟਰਨੈੱਟ ਵੱਲ ਹੁੰਦਾ ਹੈ। ਜੋ ਕੰਮ ਅਸੀਂ ਉਸ ਸਮੇਂ ਕਰਦੇ ਹਾਂ ਉਸ ਕੰਮ ਦੀ ਪ੍ਰੋਡਕਸ਼ਨ ਪਹਿਲਾਂ ਨਾਲੋਂ ਬਹੁਤ ਘੱਟ ਆਉਂਦੀ ਹੈ, ਅਨਪੜ੍ਹ ਤੋਂ ਅਨਪੜ੍ਹ ਬੰਦੇ ਨੂੰ ਵੀ ਇੰਟਰਨੈੱਟ ਨੇ ਖਾ ਲਿਆ ਹੈ। -

ਸਾਹਿਬ ਸਿੰਘ

ਵਿਅੰਗ ਚਿੰਤਾ

ਪਿੰਡੋਂ ਬਾਹਰ ਸ਼ਹਿਰ ਵੱਲ ਨੂੰ ਜਾਂਦੀ ਸੜਕ ਕੰਢੇ ਖੂੰਢ ’ਤੇ ਬੈਠੇ ਚਾਚੇ ਘਸੀਟੇ ਦਾ ਚਿਹਰਾ ਦਗ਼ਦਗ਼ਾ ਕਰ ਰਿਹਾ ਸੀ। ਅੱਖਾਂ ’ਚ ਚਮਕ ਤੇ ਬੁੱਲ੍ਹਾਂ ’ਤੇ ਮੁਸਕਾਨ ਖੇਡ ਰਹੀ ਸੀ। ਦੇਖ ਕੇ ਬੜਾ ਚੰਗਾ ਲੱਗਿਆ। ਪੁੱਛਣੋਂ ਨਾ ਰਹਿ ਹੋਇਆ।

’ਚਾਚਾ ਕੋਈ ਵਿਆਹ ਖਾਧਾ ? ਬੜਾ ਦਮਕ ਰਿਹਾਂ।

...ਤਾਂ ਚਾਚਾ ਘਸੀਟਾ ਬੋਲਿਆ, ‘ਵਿਆਹ-ਵਿਹੂਅ ਤਾਂ ਆਪਾਂ ਕਿਹੜਾ ਖਾਣਾ ਸੀ ਭਤੀਜ। ਬਸ ਆਪਾਂ ਹੁਣ ਸੋਚਣਾ ਛੱਡ ’ਤਾ, ਐਵੇਂ ਸਾਲੀ ਮੁਫ਼ਤ ਦੀ ਚਿੰਤਾ ਲਾਈ ਫਿਰੇ... ਪਿੰਡ ਦੀ ਮੁੰਡ੍ਹੀਰ ਐਵੇਂ ਆਵਾ-ਗਾਉਣ ਹੀ ਮੋਟਰ ਸਾਈਕਲਾਂ ’ਤੇ ਭੱਜੀ ਫਿਰਦੀ ਐ ਤਾਂ ਭੱਜੀ ਫਿਰੇ... ਫੂਕਦੀ ਐ ਮਹਿੰਗਾ ਪੈਟਰੋਲ ਤਾਂ ਫੂਕਦੀ ਫਿਰੇ, ਖਰਚੀ ਜਾਣ ਮੋਬਾਈਲਾਂ ’ਤੇ ਆਪਣੇ ਬਾਪੂਆਂ ਦੀ ਖੂਨ-ਪਸੀਨੇ ਦੀ ਕਮਾਈ। ਸਕੂਲਾਂ-ਕਾਲਜਾਂ ਦੀ ਥਾਂ ਅਵਾਰਾਗਰਦੀ ਕਰਦੇ ਐ ਮਾਲਾਂ ’ਚ ਤਾਂ ਕਰਦੇ ਫਿਰਨ, ਉਥੇ ਮਹਿੰਗੀਆਂ ਟਿਕਟਾਂ ਤੇ ਦਵਾਨੀ-ਚਵਾਨੀ ਦੀਆਂ ਫਿਲਮਾਂ ਦੇਖਦੇ ਹਨ ਤਾਂ ਦੇਖਦੇ ਰਹਿਣ। ਖਾਂਦੇ ਐ ਨਸ਼ੇ ਦੇ ਕੈਪਸੂਲ ਤਾਂ ਖਾਈ ਜਾਣ, ਲਾਈ ਜਾਂਦੇ ਐ ਟੀਕੇ ਤਾਂ ਲਾਈ ਜਾਣ, ਆਪੇ ਭੁਗਤਣਗੇ ਜਦੋਂ ਸਿਰ ’ਤੇ ਪਈਆਂ। ਆਪਣੇ ਬਲਬੂਤੇ ਉੱਚੀਆਂ ਪੜ੍ਹਾਈਆਂ ਕਰ ਗਈਆਂ ਕੁੜੀਆਂ ਨੂੰ ਨਹੀਂ ਮਿਲਦੇ ਬਰਾਬਰ ਦੇ ਵਰ ਤਾਂ ਨਾ ਮਿਲਣ।’

ਚਾਚਾ ਖੋਰੇ ਭਰਿਆ ਬੈਠਾ ਸੀ। ਉਸ ਨੇ ਰੋਣਹਾਕੇ ਹੋਏ ਨੇ ਕਹਿਣਾ ਜਾਰੀ ਰੱਖਿਆ, ‘ਪਈ ਜਾਣ ਪੱਕੀਆਂ ਖੜ੍ਹੀਆਂ ਫਸਲਾਂ ’ਤੇ ਮੋਹਲੇਧਾਰ ਮੀਂਹ, ਨਾ ਵਿਕੇ ਮੰਡੀਆਂ ’ਚ ਪਿਆ ਝੋਨਾ, ਰੁਲਦੇ ਫਿਰਨ ਮੀਂਹ ’ਚ ਬਜ਼ੁਰਗ ਮੰਡੀਆਂ ਵਿਚ ਨਾ ਵਿਕੀਆਂ ਫਸਲਾਂ ਦੀ ਰਾਖੀ ਬੈਠੇ। ਖੇਤੀ ਵਿਗਿਆਨੀਆਂ, ਵਾਤਾਵਰਨ ਮਾਹਰਾਂ, ਸਰਕਾਰਾਂ ਦੇ ਚੀਕਾਂ ਮਾਰੀ ਜਾਣ ਦੇ ਬਾਵਜੂਦ ਸਾਡੇ ਕੁਝ ਭਰਾਵਾਂ ਝੋਨੇ ਦੀ ਪਰਾਲੀ ਤੇ ਕਣਕ ਦਾ ਨਾੜ ਸਾੜੀ ਜਾਣਾ ਹੈ ਖੇਤਾਂ ਵਿਚ ਤਾਂ ਸਾੜੀ ਜਾਣਾ। ਖਸਮਾਂ ਨੂੰ ਖਾਵੇ ਸਾਰਾ ਕੁਝ... ਆਪੇ ਉੱਪਰ ਵਾਲਾ ਦੇਖੂ, ਜਿਵੇਂ ਉਹਦੀ ਮਰਜ਼ੀ ਹੋਊ। ਆਪਾਂ ਨਹੀਂ ਕਰਨੀ ਹੁਣ ਕੋਈ ਚਿੰਤਾ।’

ਚਾਚਾ ਘਸੀਟਾ ਆਪਣੀਆਂ ਅੱਖਾਂ ਦੀਆਂ ਕੋਰਾਂ ’ਚ ਉਮੜ ਆਏ ਹੰਝੂ ਪੂੰਝਦਾ ਕਹੀ ਜਾ ਰਿਹਾ ਸੀ।

-ਸੁਰਿੰਦਰਪ੍ਰੀਤ ਸਿੰਘ

ਬਰੋ, ਖਰੀਲੇ ਵਿਆਹਾਂ ਤੋਂ

ਉਹ ਵੀ ਸਮਾਂ ਸੀ ਜਦੋਂ ਸਾਦੇ ਵਿਆਹਾਂ ਵਿਚ ਵੀ ਉਹ ਸ਼ਾਨੋ-ਸ਼ੌਕਤ ਹੁੰਦੀ ਸੀ, ਜੋ ਅੱਜ ਦੇ ਜ਼ਿਆਦਾ ਧੂਮ-ਧੜੱਕੇ ਵਾਲੇ ਵਿਆਹਾਂ ਵਿਚ ਵੀ ਦੇਖਣ ਨੂੰ ਨਹੀਂ ਮਿਲਦੀ। ਕਿਉਂਕਿ ਜਿਥੇ ਉਨ੍ਹਾਂ ਵਿਆਹ ਪ੍ਰੋਗਰਾਮਾਂ ਵਿਚ ਖੁਸ਼ੀ, ਸੱਭਿਆਚਾਰ ਤੇ ਗੀਤੀ-ਰਿਵਾਜ ਝਲਕਾਰੇ ਮਾਰਦੇ ਸਨ, ਉਥੇ ਧੀ ਵਾਲਿਆਂ ਦੀ ਜੇਬ ’ਤੇ ਵੀ ਬਹੁਤਾ ਅਸਰ ਨਹੀਂ ਸੀ ਪੈਂਦਾ ।ਪਰ ਅੱਜ ਦੇ ਵਿਆਹਾਂ ਵਿਚ ਸਿਵਾਏ ਰੌਲੇ-ਰੱਪੇ, ਆਰਕੈਸਟਰਾ ਦੀ ਅਸ਼ਲੀਲਤਾ, ਮਹਿੰਗੀ ਦਾਰੂ ਤੇ ਪੈਸੇ ਦੀ ਦੁਰਵਰਤੋਂ ਤੋਂ ਇਲਾਵਾ ਹੋਰ ਕੁਝ ਕੀਤਾ ਹੀ ਨਹੀਂ ਜਾਂਦਾ, ਜੋ ਕਿ ਸਾਡੇ ਅਮੀਰ ਸੱਭਿਆਚਾਰ ਦੇ ਪਤਨ ਦਾ ਸੂਚਕ ਤਾਂ ਹੈ ਹੀ ਸਗੋਂ ਸਾਡੇ ਪੰਜਾਬੀਆਂ ਦੇ ਬੇਗੈਰਤ ਹੋਣ ਦੀ ਗਵਾਹੀ ਵੀ ਭਰਦਾ ਹੈ।ਅੱਜ ਇਨ੍ਹਾਂ ਖਰਚੀਲੇ ਵਿਆਹਾਂ ਨੇ ਜਿਥੇ ਵਿਰਸੇ ਨੂੰ ਸੱਟ ਮਾਰੀ ਹੈ, ਉਥੇ ਸਾਡੇ ਪੰਜਾਬੀਆਂ ਦੀ ਆਰਥਿਕਤਾ ਨੂੰ ਵੀ ਵੱਡੀ ਢਾਹ ਲਾਈ ਹੈ। ਕਿਉਂਕਿ ਜਿਹੜਾ ਵਿਆਹ ਕਦੇ 50 ਹਜ਼ਾਰ ਵਿਚ ਬੜੀ ਸ਼ਾਨੋ-ਸ਼ੌਕਤ ਨਾਲ ਹੋ ਜਾਂਦਾ ਸੀ, ਉਹੀ ਵਿਆਹ ਅੱਜ 5-7 ਲੱਖ ਵਿਚ ਵੀ ਮਸਾਂ ਰੋ-ਪਿੱਟ ਕੇ ਨੇਪਰੇ ਚੜ੍ਹਦਾ ਹੈ। ਉੱਤੋਂ ਨਵੇਂ ਲੈਣ-ਦੇਣ ਨੇ ਫੂਕ ਕੱਢ ਕੇ ਰੱਖ ਦਿੱਤੀ ਹੈ, ਕਿਉਂਕਿ ਵਿਆਂਦੜ ਮੁੰਡੇ

ਵਿਚ ਦਾਲਾਂ ਤੇ ਸਬਜ਼ੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿਸ ਦੀ ਬਾਅਦ ਵਿਚ ਬੜੀ ਦੁਰਵਰਤੋਂ ਹੁੰਦੀ ਹੈ। ਸੋ, ਸਾਡੇ ਭਾਰਤ ਵਿਚ ਇਕ ਪਾਸੇ ਤਾਂ ਲੋਕ ਭੁੱਖਮਰੀ ਨਾਲ ਜੂਝ ਰਹੇ ਹਨ, ਦੂਜੇ ਪਾਸੇ ਭੋਜਨ ਪਦਾਰਥਾਂ ਦੀ ਵਿਆਹ ਪ੍ਰੋਗਰਾਮਾਂ ਵਿਚ ਦੁਰਵਰਤੋਂ ਕੀਤੀ ਜਾ ਰਹੀ ਹੈ ਅੰਤ ਵਿਚ ਇਹੀ ਕਹਾਂਗਾ ਕਿ ਸਾਨੂੰ ਖਰਚੀਲੇ ਵਿਆਹਾਂ ਤੋਂ ਬਚਣ ਦੀ ਬੜੀ ਹੀ ਲੋੜ ਹੈ। ਕਿਉਂਕਿ ਸਾਡੇ ਪੰਜਾਬ ਦੀ ਕਿਸਾਨੀ ਅੱਜ ਬੜੇ ਹੀ ਨਾਜ਼ੁਕ ਦੌਰ ਵਿਚੋਂ ਲੰਘ ਰਹੀ ਹੈ। ਕਿਸਾਨਾਂ ’ਤੇ ਕਰਜ਼ੇ ਦੇ ਥੱਦਲ ਛਾਏ ਹੋਏ ਨੇ, ਜੇਕਰ ਅਜਿਹੇ ਹਾਲਾਤ ਵਿਚ ਵੀ ਅਸੀਂ ਖਰਚੀਲੇ ਵਿਆਹਾਂ ’ਤੇ ਲਗਾਮ ਨਾ ਕੱਸੀ ਤਾਂ ਆਉਣ ਵਾਲੇ ਹਾਲਾਤ ਬੜੇ ਹੀ ਭਿਆਨਕ ਹੋਣਗੇ ਤੇ ਖੁਦਕੁਸ਼ੀਆਂ ਦੀ ਦਰ ਵਿਚ ਵੀ ਵਾਧਾ ਹੋਵੇਗਾ ਅਤੇ ਆਰਥਿਕਤਾ ਨੂੰ ਵੀ ਵੱਡਾ ਝਟਕਾ ਲੱਗੇਗਾ।

ਬਰਨਾਲਾ।

ਆਮ ਲੋਕਾਂ ’ਤੇ ਬੇਲੋੜਾ ਬੋਝ ਹਨ ‘ਟੋਲ ਨਾਕੇ’

ਜਦ ਲੋਕਾਂ ਦੁਆਰਾ ਚੁਣੀਆਂ ਹੋਈਆਂ ਸਰਕਾਰਾਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਲੈਂਦੀਆਂ ਹਨ ਤਾਂ ਆਮ ਲੋਕਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਮ ਲੋਕਾਂ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਬੇਲੋੜੇ ਬੋਝ ਢੋਹਣੇ ਪੈਂਦੇ ਹਨ। ਇਸ ਦੀ ਇਕ ਜਿਊਂਦੀ-ਜਾਗਦੀ ਉਦਾਹਰਣ ਪੰਜਾਬ ਦੀਆਂ ਬਹੁਤੀਆਂ ਵੱਡੀਆਂ ਸੜਕਾਂ ’ਤੇ ਨਿੱਜੀ ਕੰਪਨੀਆਂ ਵੱਲੋਂ ਲਾਏ ਗਏ ‘ਟੋਲ ਨਾਕੇ’ ਹਨ। ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਦੀ ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਦੀ ਸਭ ਤੋਂ ਮੁੱਖ ਜ਼ਿੰਮੇਵਾਰੀ ਆਮ ਨਾਗਰਿਕਾਂ ਨੂੰ ਸਿਹਤ, ਸਿੱਖਿਆ, ਰੁਜ਼ਗਾਰ, ਸੁਰੱਖਿਆ ਸਮੇਤ ਬੁਨਿਆਦੀ ਢਾਂਚੇ ਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ, ਜਿਸ ਵਿਚ ਸੜਕਾਂ ਸਭ ਤੋਂ ਅਹਿਮ ਹਨ ਪਰ ਅਫਸੋਸ ਤੇ ਦੁੱਖ ਦੀ ਗੱਲ ਹੈ ਕਿ ਸਾਡੇ ਇਥੇ ਸਾਰੇ ਦੇਸ਼ ਵਿਚ ਹੀ ਸਰਕਾਰਾਂ ਆਪਣੇ ਇਸ ਫਰਜ਼ ਤੋਂ ਮੂੰਹ ਮੋੜ ਚੁੱਕੀਆਂ ਹਨ। ਸਾਡੇ ਪੰਜਾਬ ਵਿਚ ਤੇ ਦੇਸ਼ ਦੇ ਹੋਰਨਾਂ ਰਾਜਾਂ ਵਿਚ ਵੀ ਸਰਕਾਰਾਂ ਪ੍ਰਾਈਵੇਟ ਨਿਰਮਾਣ ਕੰਪਨੀਆਂ ਕੋਲੋਂ ਸੜਕਾਂ ਬਣਵਾ ਕੇ, ਸੜਕ ਬਣਾਉਣ ’ਤੇ ਆਈ ਲਾਗਤ ਨੂੰ ਮੁਨਾਫਾ ਜੋੜ ਕੇ, ‘ਟੋਲ ਨਾਕੇ’ ਲਾ ਕੇ ਸੜਕਾਂ ਤੋਂ ਚਾਰ-ਪਹੀਆ ਵਾਹਨਾਂ ਰਾਹੀਂ ਲੰਘਣ ਵਾਲੇ ਆਮ ਲੋਕਾਂ ਤੋਂ ਇਕੱਠਾ ਕਰਨ ਦੀ ਕੰਪਨੀਆਂ ਨੂੰ ਕਈ-ਕਈ ਸਾਲਾਂ ਤੱਕ ਖੁੱਲ੍ਹ ਦੇ ਦਿੰਦੀਆਂ ਹਨ। ਇਥੋਂ ਹੀ ਸ਼ੁਰੂ ਹੁੰਦਾ ਹੈ ਆਮ ਲੋਕਾਂ ਦੀਆਂ ਪ੍ਰੇਸ਼ਾਨੀਆਂ ਤੇ ਲੁੱਟ ਦਾ ਦੌਰ।

ਸਾਡੇ ਪੰਜਾਬ ਵਿਚ ਤਾਂ ਇਸ ਸਮੇਂ ਤਕਰੀਬਨ ਸਾਰੇ ਹੀ ਸ਼ਾਹ ਮਾਰਗਾਂ ’ਤੇ ਟੋਲ ਨਾਕੇ ਹਨ (ਜਿਨ੍ਹਾਂ ’ਤੇ ਨਹੀਂ ਹਨ, ਉਨ੍ਹਾਂ ’ਤੇ ਵੀ ਕਈ ਥਾਈਾ ਤਿਆਰੀ ਹੋ ਰਹੀ ਹੈ)। ਇਨ੍ਹਾਂ ਟੋਲ ਨਾਕਿਆਂ ’ਤੇ ਆਮ ਲੋਕਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਪਹਿਲਾਂ ਤਾਂ ਸਾਡੇ ਪੰਜਾਬ ਵਿਚ ਟੋਲ ਨਾਕੇ ਦੂਰੀ ਦੇ ਮੁਤਾਬਿਕ ਵੀ ਨੇੜੇ-ਨੇੜੇ ਸਥਿਤ ਹਨ। ਇਨ੍ਹਾਂ ਟੋਲ ਨਾਕਿਆਂ ’ਤੇ ਕਈ ਵਾਰ ਪਰਚੀ ਕਟਾਉਣ ’ਤੇ 5 ਤੋਂ 8 ਮਿੰਟ ਦਾ ਸਮਾਂ ਲੱਗ ਜਾਂਦਾ ਹੈ। ਕਾਨੂੰਨਨ ਕਿਸੇ ਵੀ ਟੋਲ ਨਾਕੇ ’ਤੇ ਯਾਤਰੀ ਨੂੰ 3 ਮਿੰਟ ਤੋਂ ਵੱਧ ਨਹੀਂ ਰੋਕਿਆ ਜਾ ਸਕਦਾ। ਜੇਕਰ 3 ਮਿੰਟ ਤੋਂ ਵੱਧ ਦੇਰੀ ਲਗਦੀ ਹੈ ਤਾਂ ਯਾਤਰੀ ਟੋਲ ਦਿੱਤੇ ਬਿਨਾਂ ਜਾ ਸਕਦਾ ਹੈ ਪਰ ਸਾਡੇ ਇਥੇ ਇਸ ਤਰ੍ਹਾਂ ਨਹੀਂ ਅਖੀਰ ਵਿਚ ਮੈਂ ਇਹ ਗੱਲ ਕਹਿਣਾ ਹੈ। ਸਾਡੇ ਪੰਜਾਬ ਵਿਚ ਟੋਲ ਦਰਾਂ ਵੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਕਈ ਰਾਜਾਂ ਦੇ ਮੁਕਾਬਲੇ ਵੱਧ ਹਨ। ਆਪਣੇ ਫਰਜ਼ ਨੂੰ ਮੁੱਖ ਰੱਖ ਕੇ ਪੰਜਾਬ ਇਹ ਸਿੱਧੀ-ਸਿੱਧੀ ਆਮ ਲੋਕਾਂ ਦੀ ਵਿਚ ‘ਟੋਲ ਨਾਕਿਆਂ’’ ਦਾ ਬੋਝ ਲੋਕਾਂ ਲੁੱਟ ਹੈ, ਕਿਉਂਕਿ ਰੋਡ ਟੈਕਸ ਤਾਂ ਤੋਂ ਘੱਟ ਕਰੇ। ਪਹਿਲੀ ਗੱਲ ਤਾਂ ਪੈਟਰੋਲ-ਡੀਜ਼ਲ ਸਮੇਤ ਹਰੇਕ ਸੜਕਾਂ ਸਰਕਾਰਾਂ ਖੁਦ ਬਣਾਉਣ, ਵਹੀਕਲ ਦੇ ਖਰੀਦਣ ਸਮੇਂ ਵੀ ਸਰਕਾਰ ਨਾ ਕਿ ਪ੍ਰਾਈਵੇਟ ਕੰਪਨੀਆਂ।

ਲੈਂਦੀ ਹੈ। ਫਿਰ ਇਹ ਦੋਹਰੀ ਮਾਰ ਸਰਕਾਰ ਕੋਲ ਇਸ ਕੰਮ ਲਈ ਕਿਉਂ। ਟੋਲ ਨਾਕਿਆਂ ’ਤੇ ਵੀ ਵਿਭਾਗ ਤੇ ਸਾਰਾ ਢਾਂਚਾ ਮੌਜੂਦ ਹੈ। ਯਾਤਰੀਆਂ ਲਈ ਕੋਈ ਸਹੂਲਤ ਨਹੀਂ ਦੂਜਾ ਟੋਲ ਦਰਾਂ ਜਾਇਜ਼ ਕੀਤੀਆਂ ਹੁੰਦੀ। ਟੋਲ ਮੁਲਾਜ਼ਮਾਂ ਦਾ ਰਵੱਈਆ ਜਾਣ। ਟੋਲ ਨਾਕਿਆਂ ਦਾ ਪ੍ਰਬੰਧ ਵੀ ਠੀਕ ਨਹੀਂ ਹੁੰਦਾ। ਕਈ ਵਾਰ ਕਾਨੂੰਨ ਮੁਤਾਬਿਕ ਹੋਵੇ। ਯਾਤਰੀਆਂ ਆਉਣ-ਜਾਣ ਦੀ ਪਰਚੀ ਇਕੱਠੀ ਲੈ ਦੇ ਸਮੇਂ ਦੀ ਕਦਰ ਕੀਤੀ ਜਾਵੇ ਤੇ ਕੇ ਗਏ ਯਾਤਰੀਆਂ ਨਾਲ ਸਮੇਂ ’ਤੇ ਚੰਗਾ ਤੇ ਆਦਰਸ਼ਕ ਵਿਵਹਾਰ ਪਰਚੀ ਆਦਿ ਗੁੰਮ ਹੋਣ ’ਤੇ ਕੀਤਾ ਜਾਵੇ।

ਕੰਪਿਊਟਰਆਈਜਡ ਕੰਮ ਹੋਣ ਦੇ **-ਪਿੰਡ ਪੀਰ ਦੀ ਸੈਨ, ਡਾਕ: ਬੱਬਰੀ** ਬਾਵਜੂਦ ਝਗੜੇ ਕੀਤੇ ਜਾਂਦੇ ਹਨ। **ਨੰਗਲ (ਗੁਰਦਾਸਪੁਰ)-143529.**

ਨਿੱਕੀਆਂ-ਨਿੱਕੀਆਂ ਗੱਲਾਂ ਪਿੱਛੇ ਕਿਉਂ ਹੋ ਰਹੇ ਹਨ ਕਤਲ

ਪੁਰਾਤਨ ਸਮੇਂ ਅੰਦਰ ਝਾਤ ਮਾਰੀਏ ਤਾਂ ਪੰਜਾਬ ਵਿਚ ਸਮਾਜਿਕ ਸਾਂਝ ਬੜੀ ਮਜ਼ਬੂਤ ਸੀ। ਹਰ ਵਿਅਕਤੀ ਦੂਜੇ ਵਿਅਕਤੀ ਦੀ ਸਮੱਸਿਆ ਨੂੰ ਸਮਝਦਾ ਸੀ ਤੇ ਹੱਲ ਕਰਨ ਦੀ ਕੋਸ਼ਿਸ਼ ਕਰਦਾ ਸੀ। ਹਰ ਤਰ੍ਹਾਂ ਦੇ ਝਗੜਿਆਂ ਦਾ ਨਿਪਟਾਰਾ ਪਿੰਡ ਦੀ ਪੰਚਾਇਤ ਵਿਚ ਮੋਹਤਬਰ ਵਿਅਕਤੀ ਕਰਦੇ ਸਨ ਪਰ ਅਜੋਕੇ ਸਮੇਂ ਵਿਚ ਪੰਜਾਬ ਵਿਚ ਸਮਾਜਿਕ ਸਾਂਝ ਬਿਲਕੁਲ ਖਤਮ ਹੋ ਰਹੀ ਹੈ। ਆਮ ਦੇਖਣ ਵਿਚ ਆ ਰਿਹਾ ਹੈ ਕਿ ਛੋਟੀਆਂ-ਛੋਟੀਆਂ ਗੱਲਾਂ ’ਤੇ ਕਿਸੇ ਜ਼ਿਆਦਾ ਆਉਂਦਾ ਤੇ ਸਹਿਣਸ਼ੀਲਤਾ ਦੀ ਘਾਟ ਹੋ ਰਹੀ ਹੈ, ਜਿਸ ਕਾਰਨ ਇਕ ਪਲ ਦਾ ਗੁੱਸਾ ਹੀ ਮਨੁੱਖ ਨੂੰ ਹੈਵਾਨ ਬਣਾ ਦਿੰਦਾ ਹੈ। ਜੋ ਆਦਮੀ ਇਸ ਗੁੱਸੇ ਨੂੰ ਵੱਸ ਵਿਚ ਕਰ ਲੈਂਦਾ ਹੈ, ਉਹ ਇਨ੍ਹਾਂ ਲੜਾਈਆਂ ਦੇ ਮਾਰੂ ਨਤੀਜਿਆਂ ਤੋਂ ਬਚ ਸਕਦਾ ਹੈ। ਅਜੋਕਾ ਮਨੁੱਖ ਅਹੰਕਾਰੀ ਬਣ ਰਿਹਾ ਹੈ। ਆਪਣੇ ਅਹੰਕਾਰ ਦੇ ਕਾਰਨ ਉਹ ਹਰ ਪਾਸੇ ਆਪਣੀ ਚੌਧਰ ਦੀ ਵਰਤੋਂ ਕਰਕੇ ਕਈ ਵਾਰ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦਾ ਹੈ। ਹੋਰ ਕਾਰਨਾਂ ਬਾਰੇ

ਦੂਜੇ ਵਿਅਕਤੀ ਦੀ ਜਾਨ ਲੈ ਲਈ ਜਾਂਦੀ ਹੈ। ਟਰਾਂਸਫਾਰਮਰ ਤੋਂ ਲੜਾਈ, ਪਾਣੀ ਦੀ ਵਾਰੀ ਦੀ ਲੜਾਈ, ਵੱਟ-ਬੰਨੇ ਤੋਂ ਲੜਾਈ, ਵੰਡ-ਵੰਡਾਈ ਦੀ ਲੜਾਈ ਆਦਿ ਛੋਟੀਆਂ-ਛੋਟੀਆਂ ਗੱਲਾਂ ਨੇ ਕਈ ਵਿਅਕਤੀਆਂ ਨੂੰ ਮੌਤ ਦੇ ਮੂੰਹ ਵਿਚ ਜਾ ਸੁੱਟਿਆ ਹੈ। ਕਈ ਵਾਰ ਤਾਂ ਇਕ ਗਿੱਠ ਜ਼ਮੀਨ ਪਿੱਛੇ ਹੋਈ ਲੜਾਈ ਕਈ ਏਕੜ ਜ਼ਮੀਨ ਵਿਕਵਾ ਦਿੰਦੀ ਹੈ ਤੇ ਫਿਰ ਵੀ ਆਦਮੀ ਨੂੰ ਜੇਲ੍ਹ ਦੀ ਹਵਾ ਖਾਣੀ ਪੈਂਦੀ ਹੈ। ਉਸ ਵਿਅਕਤੀ ਨੂੰ ਜੇਲ੍ਹ ਵਿਚ ਬੈਠਿਆਂ ਪਛਤਾਵਾ ਹੁੰਦਾ ਹੈ ਕਿ ਉਸ ਨੇ ਬੜੀ ਵੱਡੀ ਗਲਤੀ ਕੀਤੀ ਹੈ ਪਰ ਉਸ ਸਮੇਂ ਵਕਤ ਲੰਘ ਚੁੱਕਾ ਹੁੰਦਾ ਹੈ। ਭਰਾਵਾਂ-ਭਰਾਵਾਂ ਦੀ ਲੜਾਈ, ਪਿਓ-ਪੁੱਤ ਦੀ ਲੜਾਈ ਅਤੇ ਰਿਸ਼ਤੇਦਾਰਾਂ ਵਿਚਕਾਰ ਹੋਈਆਂ ਲੜਾਈਆਂ ਤੋਂ ਸਾਫ਼ ਜ਼ਾਹਰ ਹੋ

2026-27 ਦਾ ਬਜਟ ਪੇਸ਼ ਕਰਕੇ ਪ੍ਰਕਾਸ਼ਿਤ ਕੀਤਾ ਗਿਆ

ਚੰਡੀਗੜ੍ਹ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ, ਵਿੱਤ ਮੰਤਰਾਲੇ, ਖਰਚ ਵਿਭਾਗ, ਨਵੀਂ ਦਿੱਲੀ ਦੁਆਰਾ ਵਿੱਤ ਵਰ੍ਹੇ 2026-27 ਦਾ ਬਜਟ ਪੇਸ਼ ਕਰਕੇ ਪ੍ਰਕਾਸ਼ਿਤ ਕੀਤਾ ਗਿਆ ਹੈ,ਜੋ ਉਨ੍ਹਾਂ ਦੀ ਵੈੱਬਸਾਇਟ https:.www.indiabudget.gov.in/doc/eb/sbeEC.pdf ਓਤੇ ਉਪਲਬਧ ਹੈ। ਇਸ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ।

ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਹਿਤ ਕੁੱਲ ਬਜਟ ਅਨੁਮਾਨ 6,545.52 ਕਰੋੜ ਰੁਪਏ ਪ੍ਰਸਤੁਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਮਾਲੀਆ ਮਦ 5,939.52 ਕਰੋੜ ਰੁਪਏ ਅਤੇ ਪੂੰਜੀਗਤ ਮਦ 606.00 ਕਰੋੜ ਰੁਪਏ ਸ਼ਾਮਲ ਹਨ। ਇਹ ਰਾਸ਼ੀ ਸਾਲ 2025-26 ਦੇ ਬਜਟ ਅਨੁਮਾਨਾਂ 6,983.18 ਕਰੋੜ (ਮਾਲੀਆ: 6,185.18 ਕਰੋੜ ਰੁਪਏ ਅਤੇ ਪੂੰਜੀਗਤ: 798.00 ਕਰੋੜ ਰੁਪਏ) ਦੀ ਤੁਲਨਾ ਵਿੱਚ 437.66 ਕਰੋੜ ਰੁਪਏ ਘੱਟ ਹੈ।

ਬਿਜਲੀ ਖੇਤਰ ਵਿੱਚ 2025-26 ਦੇ ਬਜਟ ਅਨੁਮਾਨ ਵਿੱਚ 877.39 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਸੀ, ਜਿਸ ਨੂੰ ਸਾਲ 2025-26 ਵਿੱਚ

ਤਰਕਸੰਗਤ ਕਰਦੇ ਹੋਏ 156.95 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਹ 720.44 ਕਰੋੜ ਰੁਪਏ ਦਾ ਸਮਾਯੋਜਨ ਬਿਜਲੀ ਖੇਤਰ ਦੇ ਨਿਜੀਕਰਣ ਦੇ ਕਾਰਨ ਕੀਤਾ ਗਿਆ ਹੈ।

ਇਸ ਢਾਂਚਾਗਤ ਪਰਿਵਰਤਨ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਲ 2026-27 ਦੇ ਬਜਟ ਅਨੁਮਾਨਾਂ ਵਿੱਚ ਵਾਸਤਵਿਕ ਰੂਪ ਵਿੱਚ 282.78 ਕਰੋੜ ਰੁਪਏ (4.63%) ਦਾ ਵਾਧਾ ਦਿਖਾਈ ਦਿੰਦਾ ਹੈ।

ਇਸ ਤੋਂ ਇਲਾਵਾ, ਚੰਡੀਗੜ੍ਹ ਨਗਰ ਨਿਗਮ (ਐੱਮਸੀਸੀ/$33) ਨੂੰ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ (ਗ੍ਰਾਂਟਸ-ਇਨ-ਏਡ/Grants-in-Aid) ਸਾਲ 2025-26 ਦੇ ਬਜਟ ਅਨੁਮਾਨ ਵਿੱਚ 625.00 ਕਰੋੜ ਰੁਪਏ ਤੋਂ ਵਧਾ ਕੇ ਸਾਲ 2026-27 ਦੇ ਬਜਟ ਅਨੁਮਾਨ ਵਿੱਚ 850.00 ਕਰੋੜ ਰੁਪਏ ਕਰ ਦਿੱਤੀ ਗਈ ਹੈ, ਜੋ 36.00% ਦੇ ਵਾਧੇ ਨੂੰ ਦਰਸਾਉਂਦੀ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਮਨੁੱਖਤਾ ਲਈ ਸਦੀਵੀ ਪ੍ਰੇਰਨਾ : ਹਰਮੀਤ ਸਿੰਘ ਕਾਲਕਾ

ਨਵੀਂ ਦਿੱਲੀ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਇੱਕ ਸੰਦੇਸ਼ ਰਾਹੀਂ ਸ਼੍ਰੋਮਣੀ ਭਗਤ ਭਗਤ ਰਵਿਦਾਸ ਜੀ ਦੇ ਪਾਵਨ ਜਨਮ ਦਿਹਾੜੇ ਮੌਕੇ ਸਮੂਹ ਸੰਗਤਾਂ ਨੂੰ ਬੇਅੰਤ ਵਧਾਈਆਂ ਅਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਭਗਤ ਰਵਿਦਾਸ ਜੀ ਦੇ ਪਾਵਨ ਸ਼ਬਦ ਮਨੁੱਖਤਾ ਨੂੰ ਸਦਾ ਸੱਚ, ਸਮਾਨਤਾ ਅਤੇ ਸਰਬ ਸਾਂਝੀਵਾਲਤਾ ਦਾ ਰਾਹ ਦਿਖਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੀ ਬਾਣੀ ਆਪਸੀ ਭਾਈਚਾਰੇ, ਪ੍ਰੇਮ ਅਤੇ ਸੇਵਾ ਦੀ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਭਗਤ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਵਿੱਚ ਸਦਭਾਵਨਾ, ਏਕਤਾ ਅਤੇ ਆਪਸੀ ਸਮਝ ਨੂੰ ਹੋਰ ਮਜ਼ਬੂਤ ਬਣਾਉਣ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਮਾਛੀਵਾੜਾ ਸਾਹਿਬ, 4 ਫਰਵਰੀ
-ਸਤੀਸ਼ ਕੁਮਾਰ-
-ਕੌਮੀ ਪੱਤ੍ਰਿਕਾ ਬਿਊਰੋ-

ਸਤਿਗੁਰੂ ਸ੍ਰੀ ਰਵਿਦਾਸ ਮਹਾਰਾਜ ਜੀ ਦਾ 649ਵਾਂ ਆਗਮਨ ਪੁਰਬ ਸੰਸਾਰ ਭਰ ਵਿੱਚ ਸ਼ਰਧਾ ਅਤੇ ਉਤਸਾਹ ਪੂਰਵਕ ਮਨਾਇਆ ਗਿਆ। ਮਾਛੀਵਾੜਾ ਸਾਹਿਬ ਸ਼ਹਿਰ ਅੰਦਰ ਜਿੱਥੇ ਥਾਂ ਥਾਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਦਿਆਂ ਸੰਗਤਾਂ ਦਾ ਵੱਖ-ਵੱਖ ਥਾਵਾਂ ਤੇ ਲਗਾਏ ਲੰਗਰਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਗਈ , ਸੀ ਉੱਥੇ ਹੀ ਬਲਾਕ ਮਾਛੀਵਾੜਾ ਦੇ ਪਿੰਡ ਸਾਹਿਬਾਜਪੁਰ ਤੋਂ ਪਿੰਡ ਦੀਆਂ ਸੰਗਤਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ ਮਨਾਉਂਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਅਤੇ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ ਜਿਸ ਦਾ ਵੱਖ-ਵੱਖ ਪਿੰਡਾਂ ਵਿੱਚ ਭਰਵਾਂ ਸਵਾਗਤ ਕੀਤਾ ਗਿਆ। ਇਹ ਨਗਰ ਕੀਰਤਨ ਪਿੰਡ ਸਹਿਬਾਜਪੁਰ ਤੋਂ ਸ਼ੁਰੂ ਹੋ ਚੱਕਲੀ ਆਦਲ, ਟਾਂਡਾ ਕਾਲੀਆ, ਰਾਮਗੜ੍ਹ ,ਗੌਂਸਗੜ੍ਹ, ਧਨੂੰਰ ,ਚੱਕਲੀ ਮੰਗਾ ,ਖੇੜਾ, ਟਾਂਡਾ ਜਾਲ, ਮਿੱਠੇਵਾਲ ਹੁੰਦਾ ਹੋਇਆ ਦੇਰ ਸ਼ਾਮ ਵਾਪਸ ਸਾਹਿਬਾਜਪੁਰ ਆ ਸਮਾਪਤ ਹੋਇਆ। ਪਿੰਡ ਚੱਕਲੀ ਮੰਗਾ ਵਿਖੇ ਨਗਰ ਕੀਰਤਨ ਪੁੱਜਣ ਤੇ ਪਿੰਡ ਦੀਆਂ ਸੰਗਤਾਂ ਵੱਲੋਂ ਸੁੰਦਰ ਪਾਲਕੀ ਵਿੱਚ ਸਜਾਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੇ ਫੁੱਲਾਂ ਦੀ ਵਰਖਾ ਕਰਦਿਆਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ । ਹਰ ਸਾਲ ਦੀ ਤਰ੍ਹਾਂ ਚੱਕਲੀ ਮੰਗਾਂ ਦੀਆਂ ਸੰਗਤਾਂ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ, ਜਿੱਥੇ ਸੰਗਤਾਂ ਕਰੀਬ ਇੱਕ ਘੰਟਾ ਰੁਕੀਆਂ ਅਤੇ ਲੰਗਰ ਪ੍ਰਸ਼ਾਦਾ ਛਕਿਆ। ਸਰਦਾਰ ਪਰਮਿੰਦਰ ਕਮੇਟੀ ਪ੍ਰਧਾਨ ਹਰਵਿੰਦਰ ਸਿੰਘ ਅਤੇ ਸਰਪੰਚ ਕੈਪਟਨ ਜੋਗਿੰਦਰ ਸਿੰਘ ਸਿੰਘ ਵੱਲੋਂ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕਰ ਸਨਮਾਨਿਤ ਕੀਤਾ ਗਿਆ।

ਪਿੰਡ ਰੱਖੜਾ ਵਿਖੇ ਸ੍ਰੀ ਗੁਰੂ ਭਗਤ ਰਵਿਦਾਸ ਜੀ ਬੜੀ ਸ਼ਰਧਾ ਨਾਲ ਮਨਾਇਆ ਗਿਆ ਪ੍ਰਕਾਸ਼ ਪੁਰਬ

ਪਟਿਆਲਾ, 4 ਫਰਵਰੀ
ਰਣਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਭਗਤ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ ਪਿੰਡ ਰੱਖੜਾ ਵਿਖੇ ਰਵਿਦਾਸ ਭਾਈਚਾਰੇ ਵੱਲੋਂ ਆਰੰਭ ਕਰਵਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਜਿਸ ਉਪਰੰਤ ਵੱਖ-ਵੱਖ ਰਾਗੀ ਢਾਡੀ ਕਵੀਸ਼ਰੀ ਜਥਿਆ ਨੇ ਸ਼੍ਰੀ ਭਗਤ ਰਵਿਦਾਸ ਜੀ ਦੀ ਜੀਵਨੀ ਤੇ ਚਾਨਣਾ ਪਾਉਂਦੇ ਹੋਏ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕੀ ਉਹ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਦੇ ਸਿੰਘ ਸੱਜਣ ਤਾਂ ਜੋ ਸ਼੍ਰੀ ਗੁਰੂ ਭਗਤ ਰਵਿਦਾਸ ਜੀ ਦੇ ਦਰਸਾਏ ਮਾਰਗ ਤੇ ਚਲਿਆ ਜਾ ਸਕੇ ਕਿਉਂਕਿ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਨੁੱਖਤਾ ਨੂੰ ਹੱਥੀ ਕਿਰਤ ਕਰਕੇ ਖਾਣ ਦਾ ਸੁਨੇਹਾ ਦਿੱਤਾ ਜਿਨਾਂ ਦੀ ਪ੍ਰੇਰਨਾ ਸਮੁੱਚੀ ਕੌਮ ਲਈ ਵਡਮੁੱਲੇ ਯੋਗਦਾਨ ਵਜੋ ਕੰਮ ਕਰ ਰਹੀ ਹੈ ਸਮਾਗਮ ਦੌਰਾਨ ਰਿਟਾਇਰ ਮੈਜ਼ਰ ਸੂਬੇਦਾਰ ਦੀਦਾਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਰਹਿੰਦੀ ਦੁਨੀਆਂ ਤੱਕ ਸਮੁੱਚੀ ਮਾਨਵਤਾ ਨੂੰ ਸੇਧ ਦਿੰਦੀਆਂ ਰਹਿਣਗੀਆਂ ਉਹਨਾ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮਾਜ ਨੂੰ ਸਮਾਨਤਾ, ਭਰਾਤਰੀਭਾਵ, ਪ੍ਰੇਮ ਅਤੇ ਮਨੁੱਖਤਾ ਦੇ ਰਾਹ 'ਤੇ ਤੁਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਸਿਰਫ਼ ਪੰਜਾਬ ਜਾਂ ਭਾਰਤ ਵਾਸੀਆਂ ਲਈ ਹੀ ਨਹੀਂ ਸਗੋਂ ਪੂਰੀ ਦੁਨੀਆਂ ਤੇ ਮਾਨਵਤਾ ਲਈ ਮਾਰਗਦਰਸ਼ਕ ਹਨ ਅਤੇ ਮਨੁੱਖਤਾ ਨੂੰ ਹਮੇਸ਼ਾਂ ਨੇਕੀ, ਇਮਾਨਦਾਰੀ ਅਤੇ ਸੇਵਾ ਦੀ ਪ੍ਰੇਰਣਾ ਦਿੰਦੀਆਂ ਰਹਿਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਰੱਖੜਾ ਦੇ ਸਮੁੱਚੇ ਸੇਵਾਦਾਰਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਕਰਨੈਲ ਸਿੰਘ ਅਵਤਾਰ ਸਿੰਘ, ਜਰਨੈਲ ਸਿੰਘ, ਅਮਰੀਕ ਸਿੰਘ, ਹਰਪਾਲ ਸਿੰਘ, ਅਵਤਾਰ ਸਿੰਘ ਬੋਗੀ ,ਬੇਅੰਤ ਸਿੰਘ ,ਹਰਮਨਜੋਤ ਸਿੰਘ, ਹੈਪੀ ਰੱਖੜਾ, ਲਖਬੀਰ ਸਿੰਘ, ਜਗਤਾਰ ਸਿੰਘ, ਬੀਰਬਲ ਸਿੰਘ, ਗੁਰਸੰਟ ਸਿੰਘ ਲਾਡੀ ਸਿੰਘ ਸੰਦੀਪ ਸਿੰਘ. ਠੇਕੇਦਾਰ ਸੀਪਾ ਸਿੰਘ, ਕਰਮਜੀਤ ਸਿੰਘ ਭਿੱਲਾ, ਪ੍ਰਦੀਪ ਸਿੰਘ ਰੱਖੜਾ, ਚਮਕੌਰ ਸਿੰਘ ਗੱਡੂ, ਗੁਰਪ੍ਰੀਤ ਸਿੰਘ ਬਲਵਿੰਦਰ ਸਿੰਘ ,ਚਮਕੌਰ ਸਿੰਘ, ਸੁਖਬੀਰ ਸਿੰਘ ਪੰਜਾਬ ਪੁਲਿਸ, ਸੰਦੀਪ ਸਿੰਘ ਆਦਿ ਵੀ ਹਾਜ਼ਰ ਸਨ।

ਰਾਣਾ ਗੁਰਜੀਤ ਸਿੰਘ ਤੇ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਦੇਸ਼ ਵਾਸੀਆਂ ਨੂੰ ਵਧਾਈ

ਕਪੂਰਥਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਸੁਲਤਾਨਪੁਰ ਲੋਧੀ ਦੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਭਗਤੀ ਦੇ ਮੁਜੱਸਮੇ, ਸਮਾਜਿਕ ਸਮਾਨਤਾ ਦੇ ਪ੍ਰਤੀਕ ਅਤੇ ਮਹਾਨ ਸੰਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਨਮ ਦਿਹਾੜੇ ਮੌਕੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ ਅਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ।

ਇੱਕ ਸਾਂਝੇ ਸੰਦੇਸ਼ ਵਿੱਚ ਦੋਵਾਂ ਵਿਧਾਇਕਾਂ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਉਪਦੇਸ਼ ਮਨੁੱਖਤਾ ਨੂੰ ਆਪਸੀ ਭਾਈਚਾਰੇ, ਸਮਾਨਤਾ ਅਤੇ ਪ੍ਰੇਮ ਦਾ ਰਾਹ ਦਿਖਾਉਂਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਸੋਚ ਅਤੇ ਕਰਮ ਰਾਹੀਂ ਜਾਤ-ਪਾਤ, ਭੇਦਭਾਵ ਅਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਸਮਾਜ ਨੂੰ ਏਕਤਾ ਦਾ ਸੁਨੇਹਾ ਦਿੱਤਾ।

ਰਾਣਾ ਗੁਰਜੀਤ ਸਿੰਘ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ, ਨੈਤਿਕ ਮੁੱਲਾਂ ਨੂੰ ਮਜ਼ਬੂਤ ਕਰਨ ਅਤੇ ਸਮਾਜ ਵਿੱਚ ਆਪਸੀ ਸਦਭਾਵਨਾ ਅਤੇ ਭਾਈਚਾਰੇ ਨੂੰ ਹੋਰ ਮਜ਼ਬੂਤ ਬਣਾਉਣ।

ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਦੇਸ਼ ਪਹਿਲਾਂ ਨਾਲੋਂ ਵੀ ਵੱਧ ਜ਼ਰੂਰੀ ਹੈ, ਜੋ ਮਨੁੱਖਤਾ ਨੂੰ ਸਹੀ ਦਿਸ਼ਾ ਵੱਲ ਲਿਜਾਣ ਲਈ ਪ੍ਰੇਰਣਾ ਦਿੰਦਾ ਹੈ।

ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਵਿੱਚ ਪ੍ਰਮੁੱਖ ਜਨਤਕ ਥਾਵਾਂ ਦਾ ਨਿਰੀਖਣ ਕੀਤਾ

ਚੰਡੀਗੜ੍ਹ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸ਼ਹਿਰ ਦੀਆਂ ਕਈ ਪ੍ਰਮੁੱਖ ਜਨਤਕ ਥਾਵਾਂ ਦਾ ਨਿਰੀਖਣ ਕੀਤਾ।

ਇਸ ਨਿਰੀਖਣ ਦਾ ਉਦੇਸ਼ ਬੁਨਿਆਦੀ ਢਾਂਚੇ ਅਤੇ ਸੁਵਿਧਾਵਾਂ ਦਾ ਮੁੱਲਾਂਕਣ ਕਰਨਾ ਅਤੇ ਜਨਤਕ ਸੁਵਿਧਾਵਾਂ ਵਿੱਚ ਸੁਧਾਰ ਕਰਕੇ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣਾ ਸੀ।

ਨਿਰੀਖਣ ਦੇ ਦੌਰਾਨ ਪ੍ਰਸ਼ਾਸਕ ਨੇ ਸੈਕਟਰ 31 ਸਥਿਤ ਜਪਾਨੀ ਗਾਰਡਨ ਅਤੇ ਸੈਕਟਰ 42 ਸਥਿਤ ਗਾਰਡਨ ਆਵ ? ਪਾਮਸ ਅਤੇ ਸੈਕਟਰ-42 ਝੀਲ ਦਾ ਦੌਰਾ ਕੀਤਾ। ਉਨ੍ਹਾਂ ਨੇ ਪਾਰਕ ਦੀਆਂ ਸੁਵਿਧਾਵਾਂ ਦੀ ਸਮੀਖਿਆ ਕੀਤੀ ਅਤੇ ਸਬੰਧਿਤ ਵਿਭਾਗਾਂ ਨੂੰ ਪੈਦਲ ਚਲਣ ਵਾਲੇ ਟ੍ਰੈਕਾਂ, ਬੈਂਚਾਂ ਅਤੇ ਵਾੜ (ਫੈਂਸਿੰਗ) ਦੇ ਰੱਖ-ਰਖਾਅ ਵਿੱਚ ਸੁਧਾਰ ਕਰਨ, ਸਵੱਛਤਾ ਸੁਨਿਸ਼ਚਿਤ ਕਰਨ ਅਤੇ ਝੀਲ ਵਿੱਚ ਉਚਿਤ ਜਲ ਪੱਧਰ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ।

ਪ੍ਰਸ਼ਾਸਕ ਨੇ ਸਾਰੰਗਪੁਰ ਸਥਿਤ ਚੰਡੀਗੜ੍ਹ ਬੋਟੈਨੀਕਲ ਗਾਰਡਨ, ਦਾ ਵੀ ਨਿਰੀਖਣ ਕੀਤਾ, ਜਿੱਥੇ ਉਨ੍ਹਾਂ ਨੇ ਅਧਿਕਾਰੀਆਂ ਨੂੰ ਇਸ ਨੂੰ ਇੱਕ ਪ੍ਰਮੁੱਖ ਸੈਲਾਨੀ ਆਕਰਸ਼ਣ ਸਥਲ ਦੇ ਰੂਪ ਵਿੱਚ ਵਿਕਸਿਤ ਕਰਨ ਦੀ ਸਲਾਹ ਦਿੱਤੀ। ਇਸ ਅਵਸਰ 'ਤੇ ਉਨ੍ਹਾਂ ਨੇ ਆਧੁਨਿਕ ਟੈਕਨੋਲੋਜੀ ਦੀ ਵਰਤੋਂ ਕਰਕੇ ਤੰਦਰੁਸਤ ਅਤੇ ਤੇਜ਼ੀ ਨਾਲ ਵਧਣ ਵਾਲੇ ਬੂਟਿਆਂ ਦੇ ਉਤਪਾਦਨ ਲਈ ਸਥਾਪਿਤ ਹਾਈ-ਟੈਕ ਨਰਸਰੀ - ਐਡਵਾਂਸਡ ਪਲਾਂਟ ਪ੍ਰਾਪੇਗੇਸ਼ਨ ਯੂਨਿਟ ਦਾ ਉਦਘਾਟਨ ਕੀਤਾ। ਇਹ ਇਕਾਈ ਪੌਦੇ ਲਗਾਉਣ, ਵਾਤਾਵਰਣ-ਬਹਾਲੀ ਅਤੇ ਸ਼ਹਿਰੀ ਹਰਿਆਲੀ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਜੈਵ ਵਿਵਿਧਤਾ ਸੰਭਾਲ਼ ਅਤੇ ਸੰਸਾਧਨਾਂ ਦੇ ਕੁਸ਼ਲ ਉਪਯੋਗ ਵਿੱਚ ਸਹਾਇਕ ਹੋਵੇਗੀ।

ਇਸ ਦੇ ਬਾਅਦ ਪ੍ਰਸ਼ਾਸਕ ਨੇ ਸੈਕਟਰ 38, ਚੰਡੀਗੜ੍ਹ ਸਥਿਤ ਕਮਿਊਨਿਟੀ ਸੈਂਟਰ ਦਾ ਨਿਰੀਖਣ ਕੀਤਾ, ਜਿੱਥੇ ਉਨ੍ਹਾਂ ਨੇ ਮੌਜੂਦਾ ਬੁਨਿਆਦੀ ਢਾਂਚੇ ਅਤੇ ਸੁਵਿਧਾਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪਰਿਸਰ ਵਿੱਚ ਸਥਿਤ ਹੋਰ ਪੁਰਾਣੇ ਕਮਿਊਨਿਟੀ ਗੈਦਰਿਗ ਹਾਲਾਂ ਦੇ ਕਾਇਆ ਕਲਪ ਕਰਨ ਅਤੇ ਅਪਗ੍ਰੇਡ ਕਰਨ ਦੇ ਨਿਰਦੇਸ਼ ਦਿੱਤੇ, ਤਾਕਿ ਜਨਤਾ ਨੂੰ ਬਿਹਤਰ ਸੁਵਿਧਾਵਾਂ ਉਪਲਬਧ ਕਰਵਾਈਆਂ ਜਾ ਸਕਣ।

ਇਹ ਨਿਰੀਖਣ ਚੰਡੀਗੜ੍ਹ ਵਿੱਚ ਜਨਤਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਾਗਰਿਕਾਂ ਨੂੰ ਸੁਵਿਵਸਥਿਤ, ਸੁਲਭ ਅਤੇ ਗੁਣਵੱਤਾਪੂਰਨ ਜਨਤਕ ਸੁਵਿਧਾਵਾਂ ਸੁਨਿਸ਼ਚਿਤ ਕਰਨ ਦੇ ਉਦੇਸ਼ ਨਾਲ ਕੀਤੇ ਗਏ।

ਨਸ਼ਾ ਤਸਕਰਾਂ ਦੇ ਟਿਕਾਣਿਆਂ 'ਤੇ ਪੁਲਿਸ ਦੇ ਛਾਪੇ

ਰਤੀਆ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅਪਰੇਸ਼ਨ ਜੀਵਨ ਜੋਤੀ ਤਹਿਤ ਪੁਲੀਸ ਜ਼ਿਲ੍ਹੇ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਿਰੁੱਧ ਲਗਾਤਾਰ ਕਾਰਵਾਈ ਕਰ ਰਹੀ ਹੈ। ਇਸ ਸਬੰਧ ਵ

ਬ੍ਰੋਂਕਾਇਟਿਸ : ਸਾਹ ਨਲੀ 'ਚ ਸੋਜ



ਸਾਹ ਲੈਣ ਅਤੇ ਛੱਡਣ 'ਚ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਹੋਣ 'ਤੇ ਹਰ ਕੰਮ ਮੁਸ਼ਕਿਲ ਹੋ ਜਾਂਦਾ ਹੈ। ਬ੍ਰੋਂਕਾਇਟਿਸ ਭਾਵ ਸਾਹ ਨਲੀਆਂ 'ਚ ਸੋਜ ਇਕ ਆਮ ਬੀਮਾਰੀ ਹੈ, ਜੋ ਬਾਹਰੀ ਕਿਰਨਾਂ ਤੋਂ ਹੁੰਦੀ ਹੈ, ਜਿਸ ਨਾਲ ਅਗਾਂਹ ਸਾਹ ਲੈਣਾ ਅਤੇ ਛੱਡਣਾ ਔਖਾ ਹੋ ਜਾਂਦਾ ਹੈ। ਇਸ ਦੀ ਲਪੇਟ 'ਚ ਆਉਣ 'ਤੇ ਛਾਤੀ 'ਚੋਂ ਖਰ-ਖਰ ਦੀ ਆਵਾਜ਼ ਆਉਂਦੀ ਹੈ। ਸਾਹ ਫੁੱਲਦਾ ਹੈ। ਖਾਂਸੀ ਆਉਂਦੀ ਹੈ। ਇਹ ਖਾਂਸੀ ਬਲਗਮ ਵਾਲੀ ਹੁੰਦੀ ਹੈ।

ਇਹ ਸਭ ਸਾਹ ਨਲੀਆਂ ਦੀ ਸ਼ਲੇਸ਼ਮਿਕ ਕਲਾ 'ਚ ਸੋਜ ਕਾਰਨ ਹੁੰਦੇ ਹਨ। ਜ਼ਹਿਰੀਲੀ ਹਵਾ, ਧੂੜ, ਦੁਰਗੰਧ, ਧੂੰਆਂ ਵਰਗੇ ਬਾਹਰੀ ਕਾਰਨਾਂ ਕਰਕੇ ਹੁੰਦਾ ਹੈ। ਵਾਯੂ ਮੰਡਲ 'ਚ ਅਜਿਹੇ ਤੱਤਾਂ ਦੀ ਮਾਤਰਾ ਸਰਦੀਆਂ 'ਚ ਵਧ ਜਾਂਦੀ ਹੈ, ਜਿਸ ਕਾਰਨ ਇਹ ਪ੍ਰਕੋਪ ਸ਼ੁਰੂ ਹੁੰਦਾ ਹੈ ਅਤੇ ਅਗਾਂਹ ਚੱਲ ਕੇ ਇਸ ਦੀ ਪ੍ਰੇਸ਼ਾਨੀ ਸਾਰਾ ਸਾਲ ਹੋਣ ਲੱਗਦੀ ਹੈ।ਆਮ ਤੌਰ 'ਤੇ ਇਹ ਬੀਮਾਰੀ ਮੱਧ ਵਰਗੀ ਹੈ, ਜਿਸਦੀ ਲਪੇਟ 'ਚ 20 ਫੀਸਦੀ ਮਰਦ ਅਤੇ 5 ਫੀਸਦੀ ਔਰਤਾਂ ਆਉਂਦੀਆਂ ਹਨ, ਜੋ 40 ਤੋਂ 50 ਸਾਲ ਦੀ ਉਮਰ ਨੂੰ ਪਾਰ ਕਰ ਚੁੱਕੇ ਹੁੰਦੇ ਹਨ। ਇਸ ਤੋਂ ਪੀੜਤ ਰੋਗੀਆਂ ਦੀ ਗਿਣਤੀ ਲਗਾਤਾਰ ਵਧਦੀ ਜਾਂਦੀ ਹੈ। ਸ਼ੁਰੂਆਤ 'ਚ ਇਹ ਰੋਗ ਆਪਣਾ ਰੂਪ ਸਿਰਫ ਸਰਦੀਆਂ 'ਚ ਦਿਖਾਉਂਦਾ ਹੈ ਪਰ ਹੌਲੀ-ਹੌਲੀ ਬਾਰ੍ਹਾਂ ਮਹੀਨੇ ਤਕਲੀਫ ਦੇਣ ਲੱਗਦਾ ਹੈ।

ਲੱਛਣ

ਵਾਰ-ਵਾਰ ਸਾਹ ਤੰਤਰ ਨਾਲ ਸੰਬੰਧਤ ਬੀਮਾਰੀ ਦਾ ਹੋਣਾ, ਸਵੇਰੇ-ਸਵੇਰੇ ਬਲਗਮ ਆਉਣੀ, ਗਲੇ 'ਚ ਖਾਰਸ਼ ਹੋਣੀ, ਥੋੜ੍ਹੀ ਜਿਹੀ ਛੇਤੀ ਕੰਮ ਕਰਨ 'ਤੇ ਸਾਹ ਫੁੱਲਣਾ, ਛਾਤੀ 'ਚ ਦਰਦ ਅਤੇ ਚਮੜੀ ਦਾ ਨੀਲਾ ਪੈ ਜਾਣਾ, ਇਸ 'ਚ ਵਾਰ-ਵਾਰ ਖਾਂਸੀ ਆਉਂਦੀ ਹੈ, ਸਾਹ ਛੱਡਣ ਅਤੇ ਲੈਣ 'ਚ ਔਖਿਆਈ ਹੁੰਦੀ ਹੈ। ਬਲਗਮ ਆਉਂਦੀ ਰਹਿੰਦੀ ਹੈ। ਦਮੇ ਵਾਂਗ ਛਾਤੀ ਘਰਘਰਾਉਣ ਲੱਗਦੀ ਹੈ। ਸੀਟੀ ਵਰਗੀ ਆਵਾਜ਼ ਆਉਂਦੀ ਹੈ। ਫੇਫੜੇ ਆਕਸੀਜਨ ਨੂੰ ਪੂਰੀ ਮਾਤਰਾ 'ਚ ਗ੍ਰਹਿਣ ਨਹੀਂ ਕਰ ਸਕਦੇ। ਸਰੀਰ 'ਚ ਆਕਸੀਜਨ ਦੀ ਘਾਟ ਹੋ ਜਾਂਦੀ ਹੈ। ਦੌੜ-ਭੱਜ ਜਾਂ ਕੰਮ ਕਰਨ ਦੀ ਤਾਕਤ ਨਹੀਂ ਰਹਿੰਦੀ।

ਕਾਰਨ

ਇਹ ਬੀਮਾਰੀ ਸਿਗਰਟ ਪੀਣ ਵਾਲਿਆਂ 'ਚ ਵਧੇਰੇ ਦੇਖਣ ਨੂੰ ਮਿਲਦੀ ਹੈ। ਇਹ ਬੇਹੱਦ ਪ੍ਰਦੂਸ਼ਿਤ ਜਾਂ ਗੰਦੀਆਂ ਥਾਵਾਂ 'ਤੇ ਰਹਿਣ ਨਾਲ ਹੁੰਦੀ ਹੈ। ਕੁਝ ਕਿੱਤੇ, ਸੂਤ ਮਿੱਲ, ਪਲਾਸਟਿਕ ਫੈਕਟਰੀ, ਖਾਨਾਂ, ਸੀਮੈਂਟ ਕਾਰਖਾਨਿਆਂ, ਰਸਾਇਣਿਕ ਕਾਰਖਾਨਿਆਂ ਆਦਿ ਨਾਲ ਜੁੜੇ ਲੋਕਾਂ ਨੂੰ ਇਹ ਹੋ ਸਕਦਾ ਹੈ। ਇਹ ਇਨਫੈਕਸ਼ਨ ਦੇ ਪ੍ਰਭਾਵ ਨਾਲ, ਵਾਇਰਲ ਦੇ ਪ੍ਰਭਾਵ ਨਾਲ, ਖਾਨਦਾਨੀ ਜਾਂ ਪਾਜ਼ੇਟਿਵ ਫੈਮਿਲੀ ਹਿਸਟਰੀ ਵਾਲਿਆਂ ਨੂੰ ਹੋ ਸਕਦਾ ਹੈ।

ਕਿਸਮਾਂ

ਇਹ ਤਿੰਨ ਕਿਸਮਾਂ ਦਾ ਹੁੰਦਾ ਹੈ। ਐਕਿਊਟ ਬ੍ਰੋਂਕਾਇਟਿਸ ਕੁਝ-ਕੁਝ ਸਮੇਂ 'ਚ ਹੋਣ ਵਾਲੀ ਖਾਂਸੀ ਹੁੰਦੀ ਹੈ, ਜਿਸ 'ਚ ਕੱਫ ਦੇ ਨਾਲ ਵਧੇਰੇ ਮਾਤਰਾ 'ਚ ਪਸ ਨਿਕਲਦੀ ਹੈ। ਕ੍ਰਾਨਿਕ ਬ੍ਰੋਂਕਾਇਟਿਸ ਦੀ ਸਥਿਤੀ 'ਚ ਲੰਬੇ ਸਮੇਂ ਭਾਵ ਤਿੰਨ ਮਹੀਨਿਆਂ ਤਕ ਰੁਕ-ਰੁਕ ਕੇ ਚੱਲਣ ਵਾਲੀ ਖਾਂਸੀ ਹੁੰਦੀ ਹੈ। ਇਸ ਨਾਲ ਵਧੇਰੇ ਮਾਤਰਾ 'ਚ ਕੱਫ ਨਿਕਲਦਾ ਹੈ। ਐਪਲਾਸਟਿਕ ਬ੍ਰੋਂਕਾਇਟਿਸ ਦੀ ਸਥਿਤੀ 'ਚ ਅਜਿਹੀ ਖਾਂਸੀ ਬਹੁਤ ਤੇਜ਼ ਧੱਕੇ ਨਾਲ ਹੁੰਦੀ ਹੈ। ਵਿਚ-ਵਿਚ ਸਾਹ ਫੁੱਲਦਾ ਹੈ।

ਡਾਕਟਰ ਇਹ ਸਭ ਮਰੀਜ਼ ਦੀ ਸਥਿਤੀ, ਉਸ ਦੀ ਖਾਂਸੀ ਦੇ ਲੱਛਣ ਨੂੰ ਦੇਖ ਕੇ ਜਾਂ ਪੁੱਛ ਕੇ ਕਰਦੇ ਹਨ। ਕਦੇ-ਕਦੇ ਖਾਂਸੀ ਨਾਲ ਨਿਕਲਣ ਵਾਲੇ ਪਦਾਰਥ ਦੀ ਵੀ ਜਾਂਚ ਕਰਵਾਉਣੀ ਪੈਂਦੀ ਹੈ। ਕਦੇ-ਕਦੇ ਛਾਤੀ ਦਾ ਐਕਸ-ਰੇਅ ਕਰਵਾਉਣ ਦੀ ਵੀ ਲੋੜ ਪੈ ਜਾਂਦੀ ਹੈ। ਫਿਰ ਵੀ ਕੁਝ ਛੋਟੀਆਂ-ਛੋਟੀਆਂ ਸਾਵਧਾਨੀਆਂ ਨੂੰ ਅਪਣਾ ਕੇ ਅਤੇ ਘਰੇਲੂ ਉਪਾਅ ਕਰਕੇ ਇਨ੍ਹਾਂ ਨੂੰ ਵੱਸ 'ਚ ਕੀਤਾ ਜਾ ਸਕਦਾ ਹੈ।

ਬਚਾਅ

ਅਜਿਹੀ ਬੀਮਾਰੀ ਦੀ ਸਥਿਤੀ 'ਚ ਖੁਦ ਮਰੀਜ਼ ਵੀ ਇਹ ਜਾਣ ਲੈਂਦਾ ਹੈ ਕਿ ਉਸ ਨੂੰ ਕਿਸ ਕਾਰਨ ਇਸ ਸਥਿਤੀ 'ਚੋਂ ਲੰਘਣਾ ਪੈਂਦਾ ਹੈ, ਇਸ ਲਈ ਉਸ ਨੂੰ ਅਜਿਹੇ ਮੌਕਿਆਂ ਜਾਂ ਸਥਾਨਾਂ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਚਾਅ ਦੇ ਹੋਰ ਤਰੀਕੇ ਇਸ ਤਰ੍ਹਾਂ ਹਨ - ਉਨ੍ਹਾਂ ਸਾਰੇ ਪ੍ਰਦੂਸ਼ਣਕਾਰੀ ਤੱਤਾਂ ਤੋਂ ਬਚੋ, ਜੋ ਸਾਹ ਨਾਲੀਆਂ ਦੇ ਸੁੰਗੜਨ ਅਤੇ ਇਨ੍ਹਾਂ ਦੀ ਸੋਜ ਨੂੰ ਵਧਾਉਂਦੇ ਹਨ।

ਧੂੜ-ਧੂੰਏਂ ਤੋਂ ਬਚ ਕੇ ਰਹੋ।

ਸਿਗਰਟਨੋਸ਼ੀ ਦੀ ਆਦਤ ਹੋਵੇ ਤਾਂ ਉਸ ਨੂੰ ਛੱਡ ਦਿਓ ਅਤੇ ਅਜਿਹੇ ਲੋਕਾਂ ਤੋਂ ਦੂਰ ਰਹੋ।

ਪੀੜਤ ਜਿਥੇ ਰਹਿੰਦਾ ਹੋਵੇ, ਉਥੇ ਅੰਗੀਠੀ, ਚੁੱਲ੍ਹਾ, ਮਿੱਟੀ ਦੇ ਤੇਲ ਦਾ ਸਟੋਵ ਜਾਂ ਰਸੋਈ ਗੈਸ ਦੀ ਵਰਤੋਂ ਨਾ ਹੋਵੇ।

ਠੰਡ ਜਾਂ ਠੰਡੇ ਸਥਾਨਾਂ ਤੋਂ ਬਚੋ। ਗਰਮ ਕੱਪੜੇ ਪਹਿਨੋ। ਉਹ ਵੀ ਢਿੱਲੇ ਹੋਣ। ਤਾਪਮਾਨ 'ਚ ਤਬਦੀਲੀ ਦੀ ਸਥਿਤੀ ਤੋਂ ਬਚੋ।

ਕਿਸੇ ਜਾਣਕਾਰ ਤੋਂ ਸਾਹ ਲੈਣ ਅਤੇ ਛੱਡਣ ਦੀ ਕਸਰਤ ਸਿੱਖੋ ਅਤੇ ਇਸ ਨੂੰ ਨਿਤਨੇਮ ਨਾਲ ਕਰੋ। ਇਸ ਨਾਲ ਫੇਫੜਿਆਂ ਅਤੇ ਸਾਹ ਤੰਤਰ ਦੀ ਸਮਰੱਥਾ ਵਧਦੀ ਹੈ। ਰਾਤ ਵੇਲੇ ਘੱਟ ਭੋਜਨ ਲੈਣ ਤੋਂ 2-3 ਘੰਟੇ ਪਹਿਲਾਂ ਖਾ ਲਓ। ਖਾਣ-ਪੀਣ ਵਧੇਰੇ ਗਰਮ ਜਾਂ ਠੰਡਾ ਨਾ ਹੋਵੇ। ਇਹ ਐਸਿਡ ਜਾਂ ਗੈਸ ਬਣਾਉਣ ਵਾਲਾ ਨਾ ਹੋਵੇ।

ਜੇਕਰ ਡਾਕਟਰ ਨੇ ਕੋਈ ਦਵਾਈ ਜਾਂ ਉਪਾਅ ਦੱਸਿਆ ਹੋਵੇ ਤਾਂ ਉਸ 'ਤੇ ਨਿਯਮ ਮੁਤਾਬਿਕ ਅਮਲ ਕਰੋ।

ਐਂਟੀ-ਆਕਸੀਡੈਂਟਸ ਦਾ ਚੰਗਾ ਸੋਮਾ ਹੈ ਚਾਹ

ਚਾਹ ਦਾ ਨਾਂ ਸੁਣਦਿਆਂ ਹੀ ਸਾਨੂੰ ਆਪਣੇ ਅੰਦਰ ਇਕ ਅਜੀਬ ਜਿਹੀ ਚੁਸਤੀ-ਫੁਰਤੀ ਦਾ ਅਹਿਸਾਸ ਹੋਣ ਲੱਗਦਾ ਹੈ। ਅਸਲ ਵਿਚ ਲੋਕ ਚਾਹ ਸਵਾਦ ਤੋਂ ਇਲਾਵਾ ਇਸ ਲਈ ਵੀ ਪੀਂਦੇ ਹਨ ਕਿਉਂਕਿ ਇਸਨੂੰ ਪੀਣ ਨਾਲ ਸਰੀਰ ਚੁਸਤ ਹੋ ਜਾਂਦਾ ਹੈ। ਹਾਲਾਂਕਿ ਅਜੇ ਤਕ ਚਾਹ ਬਾਰੇ ਇਹੋ ਮੰਨਿਆ ਜਾਂਦਾ ਰਿਹਾ ਹੈ ਕਿ ਇਸਨੂੰ ਪੀਣਾ ਸਿਹਤ ਲਈ ਨੁਕਸਾਨਦੇਹ ਹੁੰਦਾ ਹੈ ਪਰ ਕੁਝ ਅਹਿਮ ਖੋਜਾਂ ਤੋਂ ਇਹ ਵੀ ਪਤਾ ਲੱਗ ਚੁੱਕਾ ਹੈ ਕਿ ਚਾਹ ਵਿਚ ਵੀ ਵੱਖ-ਵੱਖ ਵਨਸਪਤੀਆਂ ਵਾਂਗ ਕਈ ਅਜਿਹੇ ਤੱਤ ਹੁੰਦੇ ਹਨ ਜੋ ਸਰੀਰ ਵਿਚ ਬਿਮਾਰੀਆਂ ਪੈਦਾ ਨਹੀਂ ਕਰਦੇ, ਸਗੋਂ ਸਰੀਰ ਨੂੰ ਅਰੋਗ ਤੇ ਮਜ਼ਬੂਤ ਬਣਾਈ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਨ੍ਹਾਂ ਖੋਜਾਂ ਤੋਂ ਪਤਾ ਲੱਗਾ ਹੈ ਕਿ ਚਾਹ ਵਿਚ ਕਈ ਅਜਿਹੇ ਤੱਤ ਵੀ ਮੌਜੂਦ ਹੁੰਦੇ ਹਨ ਜੋ ਚਾਹ ਪੀਣ ਵਾਲੇ ਵਿਅਕਤੀ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਣ 'ਚ ਮਦਦ ਕਰਦੇ ਹਨ।

ਅਸਲ 'ਚ ਚਾਹ ਇਕੋ-ਇਕ ਅਜਿਹਾ ਪੀਣ ਵਾਲਾ ਪਦਾਰਥ ਹੈ, ਜਿਸ ਵਿਚ ਐਂਟੀ-ਆਕਸੀਡੈਂਟਸ ਦੀ ਮਾਤਰਾ ਸਭ ਤੋਂ ਜ਼ਿਆਦਾ ਹੁੰਦੀ ਹੈ। ਇਹ ਤਾਂ ਸਾਰੇ ਜਾਣਦੇ ਹੀ ਹਨ ਕਿ ਆਕਸੀਜਨ ਤੋਂ ਬਿਨਾਂ ਕਿਸੇ ਵੀ ਜੀਵ ਲਈ ਜੀਵਨ ਦੀ ਕਲਪਨਾ ਕਰਨੀ ਅਸੰਭਵ ਹੈ ਪਰ ਇਸੇ ਆਕਸੀਜਨ ਕਾਰਨ ਸਰੀਰ ਵਿਚ ਆਕਸੀਡੇਸ਼ਨ ਦੀ ਕਿਰਿਆ ਵੀ ਹੁੰਦੀ ਹੈ ਜੋ ਫ੍ਰੀ ਰੈਡੀਕਲਜ਼ ਨੂੰ ਜਨਮ ਦਿੰਦੀ ਹੈ। ਇਹੋ ਫ੍ਰੀ ਰੈਡੀਕਲਜ਼ ਜਮ੍ਹਾ ਹੋ ਕੇ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਨ੍ਹਾਂ ਫ੍ਰੀ ਰੈਡੀਕਲਜ਼ ਕਾਰਨ ਹੀ ਵਿਅਕਤੀ ਕੈਂਸਰ, ਅਲਜ਼ਮੀਰਜ਼, ਪਾਰਕਿੰਸਨਜ਼ ਆਦਿ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਹਾਲਾਂਕਿ ਸਰੀਰ ਵਿਚ ਇਨ੍ਹਾਂ ਫ੍ਰੀ ਰੈਡੀਕਲਜ਼ ਨਾਲ ਲੜਨ ਵਾਲੇ ਐਂਟੀ-ਆਕਸੀਡੈਂਟਸ ਹੁੰਦੇ ਹਨ ਪਰ ਜਿਉਂ-ਜਿਉਂ ਵਿਅਕਤੀ ਦੀ ਉਮਰ ਵਧਦੀ ਜਾਂਦੀ ਹੈ, ਇਹ ਐਂਟੀ-ਆਕਸੀਡੈਂਟਸ ਵੀ ਘਟਦੇ ਜਾਂਦੇ ਹਨ ਅਤੇ ਨਾਲ ਹੀ ਸਰੀਰ ਦੀ ਭੋਜਨ 'ਚੋਂ ਐਂਟੀ-ਆਕਸੀਡੈਂਟਸ ਖਿੱਚਣ ਦੀ ਸ਼ਕਤੀ ਵੀ ਘੱਟ ਹੋ ਜਾਂਦੀ ਹੈ। ਇਹੋ ਕਾਰਨ ਹੈ ਕਿ ਭੋਜਨ ਵਿਚ ਐਂਟੀ-ਆਕਸੀਡੈਂਟਸ ਦੀ ਜ਼ਿਆਦਾ ਮਾਤਰਾ ਵਾਲੀਆਂ ਚੀਜ਼ਾਂ ਨੂੰ ਸ਼ਾਮਿਲ ਕਰਨਾ ਪੈਂਦਾ ਹੈ। ਚਾਹ ਵਿਚ ਐਂਟੀ-ਆਕਸੀਡੈਂਟਸ ਦੀ ਸਭ ਤੋਂ ਜ਼ਿਆਦਾ ਮਾਤਰਾ ਹੋਣ ਕਾਰਨ ਇਸਨੂੰ ਪੀਣ ਨਾਲ ਅਜਿਹੀ ਹਾਲਤ 'ਚ ਫਾਇਦਾ ਮਿਲਦਾ ਹੈ ਪਰ ਲੋੜ ਇਸ ਗੱਲ ਦੀ ਵੀ ਹੈ ਕਿ ਚਾਹ ਇਕ ਨਿਰਧਾਰਤ ਮਾਤਰਾ 'ਚ ਹੀ ਪੀਤੀ ਜਾਵੇ, ਨਹੀਂ ਤਾਂ ਇਹ ਵੀ ਫਾਇਦੇ ਦੀ ਥਾਂ ਨੁਕਸਾਨ ਹੀ ਕਰਦੀ ਹੈ।

ਮਾਤਾ-ਪਿਤਾ ਦੀਆਂ ਬੀਮਾਰੀਆਂ ਬੱਚਿਆਂ

ਨਿਊ ਆਰਲੀਅੰਸ ਸੈਂਟਰ ਫਾਰ ਕਾਰਡੀਯੋਵਾ ਸਕੁਲਰ ਹੈਲਥ ਦੇ ਮਾਹਿਰਾਂ ਵਲੋਂ ਕੀਤੀ ਗਈ ਇਕ ਖੋਜ ਮੁਤਾਬਿਕ ਜਿਹੜੇ ਬੱਚਿਆਂ ਦੇ ਮਾਤਾ-ਪਿਤਾ ਨੂੰ ਕੋਰੋਨਰੀ ਹਾਰਟ ਡਿਜ਼ੀਜ਼ ਹੋਇਆ ਹੋਵੇ ਅਤੇ ਬੱਚੇ ਮੋਟਾਪੇ ਦੇ ਸ਼ਿਕਾਰ ਹੋਣ ਤਾਂ ਉਨ੍ਹਾਂ ਨੂੰ ਵੀ ਇਹ ਸ਼ਿਕਾਇਤ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਸੈਂਟਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ 'ਤੇ ਇਹ ਖੋਜ ਕੀਤੀ ਅਤੇ ਦੇਖਿਆ ਕਿ ਬੱਚਿਆਂ ਨੂੰ ਕਾਰਡੀਓਵਸਕੁਲਰ ਡਿਜ਼ੀਜ਼ ਹੋਣ ਦੀ ਸੰਭਾਵਨਾ ਮਾਤਾ-ਪਿਤਾ 'ਤੇ ਹੀ ਨਿਰਭਰ ਕਰਦੀ ਹੈ।

ਮੇਲ ਬ੍ਰੈਸਟ ਐਨਲਾਰਜਮੈਂਟ

ਆਮ ਤੌਰ 'ਤੇ ਮੇਲ ਬ੍ਰੈਸਟ ਐਨਲਾਰਜਮੈਂਟ ਅੱਲ੍ਹੜਾਂ, ਮੋਟਾਪੇ ਤੋਂ ਪੀੜਤ, ਸ਼ਰਾਬ ਪੀਣ ਵਾਲੇ ਲੋਕਾਂ 'ਚ ਵਧੇਰੇ ਹੁੰਦਾ ਹੈ। ਕੁਝ ਕਿਸਮ ਦੀਆਂ ਦਵਾਈਆਂ ਵੀ ਇਸ ਦਾ ਕਾਰਨ ਹੋ ਸਕਦੀਆਂ ਹਨ। ਇਹ ਹਾਰਮੋਨਲ ਅਸੰਤੁਲਨ ਦਾ ਲੱਛਣ ਵੀ ਹੋ ਸਕਦਾ ਹੈ। ਵਿਰਲੇ ਮਾਮਲਿਆਂ 'ਚ ਅੰਡੇਦਾਨੀ ਜਾਂ ਫੇਫੜਿਆਂ ਦੇ ਕੈਂਸਰ ਜਾਂ ਹੋਰ ਗੰਭੀਰ ਰੋਗ ਕਾਰਨ ਵੀ ਅਜਿਹਾ ਹੋ ਸਕਦਾ ਹੈ। ਜੇਕਰ ਤੁਸੀਂ ਬਾਲਗ ਹੋ ਅਤੇ ਛਾਤੀ 'ਤੇ ਔਰਤ ਦੀਆਂ ਛਾਤੀਆਂ ਵਾਂਗ ਉਭਾਰ ਭਾਵ ਬ੍ਰੈਸਟ ਐਨਲਾਰਜਮੈਂਟ ਮਹਿਸੂਸ ਕਰ ਰਹੇ ਹੋ ਤਾਂ ਤੁਸੀਂ ਗਾਇਨੇਕੋਮਾਸਤਆ ਨਾਮੀ ਸਮੱਸਿਆ ਤੋਂ ਪੀੜਤ ਹੋ ਸਕਦੇ ਹੋ। ਬ੍ਰੈਸਟ ਟਿਸ਼ੂ ਸਖਤ ਅਤੇ ਗੰਢਨੁਮਾ ਹੁੰਦੇ ਹਨ, ਜੋ ਨਿੱਪਲਾਂ ਦੇ ਨੇੜੇ ਸਥਿਤ ਆਮ ਫੈਟ ਟਿਸ਼ੂ ਨਾਲੋਂ ਕਾਫੀ ਵੱਖਰੇ ਹੁੰਦੇ ਹਨ।

ਕੁਝ ਮਾਮਲਿਆਂ 'ਚ ਬ੍ਰੈਸਟ ਐਨਲਾਰਜਮੈਂਟ ਆਮ ਗੱਲ ਹੋ ਸਕਦੀ ਹੈ, ਜਿਸ ਦਾ ਕਾਰਨ ਅੱਲ੍ਹੜ ਉਮਰ 'ਚ ਐਸਟ੍ਰੋਜਨ ਹਾਰਮੋਨ ਦੇ ਪੱਧਰ 'ਚ ਵਾਧਾ ਹੋ ਸਕਦਾ ਹੈ। ਨੌਜਵਾਨਾਂ 'ਚ ਐਸਟ੍ਰੋਜਨ ਦੇ ਪ੍ਰਭਾਵਾਂ ਨੂੰ ਟੈਸਟੋਸਟੇਰਾਨ ਹਾਰਮੋਨ ਰੋਕਦਾ ਹੈ, ਇਸ ਲਈ ਆਮ ਤੌਰ 'ਚ ਬਾਲਗਾਂ 'ਚ ਨਿੱਪਲ ਦੇ ਆਲੇ-ਦੁਆਲੇ ਬਹੁਤ ਹੀ ਘੱਟ ਬ੍ਰੈਸਟ ਟਿਸ਼ੂ ਹੁੰਦੇ ਹਨ।ਅਸਾਧਾਰਨ ਬ੍ਰੈਸਟ ਐਨਲਾਰਜਮੈਂਟ ਦੇ ਸਭ ਤੋਂ ਆਮ ਕਾਰਨਾਂ 'ਚ ਦਵਾਈਆਂ ਨਾਲ ਹੋਣ ਵਾਲੇ ਸਾਈਡ ਇਫੈਕਟ ਸ਼ਾਮਲ ਹਨ। ਇਹ ਉਹ ਦਵਾਈਆਂ ਹਨ, ਜੋ ਟੈਸਟੋਸਟੇਰਾਨ ਅਤੇ ਐਸਟ੍ਰੋਜਨ ਦੇ ਸੰਤੁਲਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤਰ੍ਹਾਂ ਦੇ ਲੱਛਣ ਦਿਸਣ 'ਤੇ ਤੁਸੀਂ ਆਪਣੇ ਡਾਕਟਰ ਨੂੰ ਦਵਾਈਆਂ ਬਦਲਣ ਲਈ ਕਹਿ ਸਕਦੇ ਹੋ। ਐਨਾਬਾਲਿਕ ਸਟੀਰਾਇਡਸ, ਸ਼ਰਾਬ ਅਤੇ ਗਾਂਜੇ ਦਾ ਨਸ਼ਾ ਵੀ ਬ੍ਰੈਸਟ ਐਨਲਾਰਜਮੈਂਟ ਦੀ ਸਮੱਸਿਆ ਪੈਦਾ ਕਰ ਸਕਦੇ ਹਨ। ਕੁਝ ਬਜ਼ੁਰਗਾਂ 'ਚ ਅੰਡੇਦਾਨੀਆਂ ਦੇ ਸੁੰਗੜਨ ਕਾਰਨ ਟੈਸਟੋਸਟੇਰਾਨ ਦੇ ਪੱਧਰ 'ਚ ਕਮੀ ਆਉਣ ਨਾਲ ਵੀ ਬ੍ਰੈਸਟ ਐਨਲਾਰਜਮੈਂਟ ਹੋ ਸਕਦਾ ਹੈ।

ਕੁਝ ਮਰਦ ਕਲਾਇਨਫੇਲਟਰ ਸਿੰਡ੍ਰੋਮ ਦੇ ਨਾਲ ਜਨਮ ਲੈਂਦੇ ਹਨ, ਜੋ ਐਨਲਾਰਜਡ ਬ੍ਰੈਸਟ ਟਿਸ਼ੂ ਅਤੇ ਛੋਟੀਆਂ ਅੰਡੇਦਾਨੀਆਂ ਕਾਰਨ ਬਣ ਸਕਦਾ ਹੈ। ਇਹ 500 'ਚੋਂ ਇਕ ਮਰਦ ਨੂੰ ਹੁੰਦਾ ਹੈ।

ਮਰਦਾਂ 'ਚ ਛਾਤੀਆਂ ਵਰਗਾ ਉਭਾਰ ਵਿਕਸਿਤ ਹੋਣ ਨਾਲ ਘੱਟ ਦੇਖੇ ਜਾਣ ਵਾਲੇ ਕਾਰਨਾਂ 'ਚ ਲਿਵਰ ਅਤੇ ਕਿਡਨੀ ਦੇ ਗੰਭੀਰ ਰੋਗ, ਬ੍ਰੈਸਟ ਕੈਂਸਰ, ਹਾਈਪੋਥਾਇਰਾਡਿਜ਼ਮ, ਪਿਟਿਊਟਰੀ ਗਲੈਂਡ ਟਿਊਮਰ ਅਤੇ ਹਾਰਮੋਨ ਰਿਸਾਉਣ ਵਾਲੇ ਅੰਗਾਂ ਵਰਗੇ ਫੇਫੜਿਆਂ ਅਤੇ ਅੰਡੇਦਾਨੀਆਂ 'ਚ ਟਿਊਮਰ ਸ਼ਾਮਲ ਹਨ।

ਬ੍ਰੈਸਟ ਐਨਲਾਰਜਮੈਂਟ ਦੇ ਲੱਛਣ ਨਜ਼ਰ ਆਉਂਦਿਆਂ ਹੀ ਪੂਰਾ ਚੈੱਕਅੱਪ ਕਰਵਾਓ ਤਾਂਕਿ ਸਮੇਂ ਸਿਰ ਇਸ ਦਾ ਇਲਾਜ ਹੋ ਸਕੇ ਅਤੇ ਕਿਸੇ ਹੋਰ ਗੰਭੀਰ ਰੋਗ ਦਾ ਵੀ ਸਮੇਂ ਸਿਰ ਪਤਾ ਲੱਗ ਸਕੇ।

ਪੇਟ ਦੀਆਂ ਤਕਲੀਫਾਂ ਦੇ ਘਰੇਲੂ ਉਪਾਅ

ਆਪਣੀ ਹੀ ਗਲਤੀ ਕਾਰਨ ਖਾਣ-ਪੀਣ 'ਚ ਲਾਪ੍ਰਵਾਹੀ ਕਾਰਨ ਸਾਡੇ ਪੇਟ 'ਚ ਬਹੁਤ ਗੈਸ ਬਣਨ ਲੱਗਦੀ ਹੈ। ਇਹ ਬਣ ਕੇ ਨਿਕਲਦੀ ਰਹੇ, ਉਦੋਂ ਤਕ ਤਾਂ ਕੋਈ ਬਹੁਤੀ ਤਕਲੀਫ ਨਹੀਂ ਹੁੰਦੀ ਪਰ ਜਦੋਂ ਇਹ ਨਿਕਲਣ ਦਾ ਨਾਂ ਹੀ ਨਾ ਲਏ ਅਤੇ ਅਫਾਰਾ ਬਣਿਆ ਰਹੇ, ਤਾਂ ਬੜੀ ਔਖਿਆਈ ਹੁੰਦੀ ਹੈ। ਅਸਹਿਜ ਸਥਿਤੀ 'ਚੋਂ ਲੰਘਣਾ ਪੈਂਦਾ ਹੈ। ਆਓ, ਇਸ ਰੋਗ ਤੋਂ ਛੁਟਕਾਰੇ ਲਈ ਕੁਝ ਘਰੇਲੂ ਉਪਾਵਾਂ 'ਤੇ ਅਮਲ ਕਰੀਏ।

ਹਵਾ ਘੱਟ ਤੋਂ ਘੱਟ ਬਣੇ, ਇਸ ਲਈ ਆਲੂ, ਚੌਲ, ਤਲੇ ਪਦਾਰਥ, ਮਾਸ ਅਤੇ ਸ਼ਰਾਬ ਆਦਿ ਦੀ ਵਰਤੋਂ ਨਾ ਕਰੋ।

ਭੁੱਖ ਤੋਂ ਵਧੇਰੇ ਨਾ ਖਾਓ। ਪੇਟ ਦਾ ਕੁਝ ਹਿੱਸਾ ਖਾਲੀ ਵੀ ਰਹਿਣਾ ਚਾਹੀਦੈ।

ਖਾਲੀ ਪੇਟ ਰਹਿਣ ਨਾਲ ਵੀ ਗੈਸ ਬਣੇਗੀ, ਇਸ ਲਈ ਭੁੱਖੇ ਨਾ ਰਹੋ।

ਵਰਤ ਰੱਖਣਾ ਇਕ ਚੰਗਾ ਇਲਾਜ ਹੈ ਪਰ ਹਫਤੇ 'ਚ ਸਿਰਫ ਅੱਧਾ ਦਿਨ।

ਪੁਦੀਨਾ, ਅਨਾਰਦਾਣਾ, ਪਿਆਜ਼, ਧਨੀਏ ਆਦਿ ਦੀ ਚਟਣੀ ਜ਼ਰੂਰ ਲਿਆ ਕਰੋ।

ਲਸਣ, ਅਦਰਕ ਦੀ

ਸੰਪਾਦਕੀ

ਸੋਸ਼ਲ ਮੀਡੀਆ ਤੱਕ ਪਹੁੰਚ ਹੋਣ ਦੀ ਗੱਲ

ਆਰਥਿਕ ਸਰਵੇਖਣ 'ਚ ਉਮਰ ਦੇ ਆਧਾਰ 'ਤੇ ਸੋਸ਼ਲ ਮੀਡੀਆ ਤੱਕ ਪਹੁੰਚ ਹੋਣ ਦੀ ਗੱਲ 'ਤੇ ਜ਼ੋਰ ਦੇਣਾ ਸਵਾਗਤਯੋਗ ਹੈ। ਕਈ ਸਾਲਾਂ ਤੋਂ ਡਿਜੀਟਲ ਵਿਸਥਾਰ ਬਾਰੇ ਮੰਨਿਆ ਜਾਂਦਾ ਰਿਹਾ ਹੈ ਕਿ ਇਹ ਲੋਕਤੰਤਰੀ ਪਹੁੰਚ ਨੂੰ ਉਤਸ਼ਾਹਿਤ ਕਰਦਾ ਹੈ, ਨਾਬਰਾਬਰੀਆਂ ਦੂਰ ਕਰਦਾ ਹੈ ਅਤੇ ਸਿੱਖਿਆ ਦਾ ਆਧੁਨਿਕੀਕਰਨ ਕਰਦਾ ਹੈ। ਇਹ ਸਰਵੇਖਣ ਇਸ ਆਸ਼ਾਵਾਦ ਨੂੰ ਇੱਕ ਬੇਚੈਨ ਕਰਨ ਵਾਲੀ ਸਚਾਈ ਨਾਲ ਵੀ ਜੋੜਦਾ ਹੈ ਕਿ ਬਿਨਾਂ ਕਿਸੇ ਰੋਕ ਟੋਕ ਤੋਂ ਡਿਜੀਟਲ ਪਲੈਟਫਾਰਮਾਂ ਦੇ ਸੰਪਰਕ ਵਿੱਚ ਆਉਣਾ ਜਨਤਕ ਸਿਹਤ ਲਈ ਖ਼ਤਰਨਾਕ ਹੈ। ਵਧੇਰੇ ਸਮਾਂ ਸਕਰੀਨ (ਮੋਬਾਈਲ, ਲੈਪਟਾਪ, ਆਈਪੈਡ, ਟੀਵੀ ਆਦਿ) ਸਾਹਮਣੇ ਬਿਤਾਉਣ ਦੀ ਲਤ ਨੂੰ ਮਾਨਸਿਕ ਸਿਹਤ, ਅਕਾਦਮਿਕ ਪ੍ਰਦਰਸ਼ਨ ਤੇ ਉਤਪਾਦਕਤਾ ਨੂੰ ਪ੍ਰਭਾਵਿਤ ਕਰਨ ਵਾਲੀ ਸਮੱਸਿਆ ਵਜੋਂ ਪਛਾਣਦੇ ਹੋਏ ਇਹ ਸਰਵੇਖਣ ਬਹਿਸ ਨੂੰ ਸਬੂਤ-ਆਧਾਰਿਤ ਨੀਤੀ ਬਣਾਉਣ ਵੱਲ ਲਿਜਾਂਦਾ ਹੈ। ਇਸ ਦੀਆਂ ਸਿਫ਼ਾਰਸ਼ਾਂ- ਉਮਰ ਦੇ ਹਿਸਾਬ ਨਾਲ ਪਹੁੰਚ ਦੀ ਸੀਮਾ, ਉਮਰ ਦੀ ਤਸਦੀਕ ਲਈ ਪਲੈਟਫਾਰਮ ਦੀ ਜਵਾਬਦੇਹੀ, ਬੱਚਿਆਂ ਲਈ ਖ਼ਾਸ ਉਪਕਰਨ ਬਣਾਉਣੇ ਅਤੇ ਔਨਲਾਈਨ ਕਲਾਸਾਂ 'ਤੇ ਘੱਟ ਨਿਰਭਰਤਾ- ਵਧ ਰਹੀ ਵਿਸ਼ਵਵਿਆਪੀ ਸਹਿਮਤੀ ਨੂੰ ਦਰਸਾਉਂਦੀਆਂ ਹਨ ਕਿ ਬੱਚਿਆਂ ਨੂੰ ਇਨ੍ਹਾਂ ਖ਼ਤਰਨਾਕ ਡਿਜੀਟਲ ਉਪਕਰਨਾਂ ਤੋਂ ਸੁਰੱਖਿਆ ਦੀ ਲੋੜ ਹੈ, ਜੋ ਉਨ੍ਹਾਂ ਦਾ ਬਿਹਤਰੀ ਲਈ ਨਹੀਂ, ਸਗੋਂ ਸਿਰਫ਼ ਉਨ੍ਹਾਂ ਨੂੰ ਆਕਰਸ਼ਿਤ ਕਰਨ ਲਈ ਬਣਾਏ ਗਏ ਹਨ। ਸਮੂਹਿਕ ਜ਼ਿੰਮੇਵਾਰੀ 'ਤੇ ਜ਼ੋਰ ਦੇਣਾ ਵੀ ਓਨਾ ਹੀ ਮਹੱਤਵਪੂਰਨ ਹੈ। ਮਨੋਰੰਜਨ ਸਬੰਧੀ ਵਰਤੋਂ ਨੂੰ ਵਿਦਿਅਕ ਵਰਤੋਂ ਨਾਲੋਂ ਵਖਰਿਆਉਣ ਵਾਲੇ ਪਲੈਟਫਾਰਮ-ਪੱਧਰੀ ਸੁਰੱਖਿਆਤਮਕ ਕਦਮ ਚੁੱਕਣ ਅਤੇ ਪਰਿਵਾਰਕ ਡੇਟਾ ਯੋਜਨਾਵਾਂ ਦੀ ਮੰਗ ਕਰਕੇ ਸਰਵੇਖਣ 'ਚ ਇਸ ਗੱਲ ਨੂੰ ਸਵੀਕਾਰ ਕੀਤਾ ਗਿਆ ਹੈ, ਜਿਸ ਬਾਰੇ ਬਹੁਤੇ ਮਾਪੇ ਪਹਿਲਾਂ ਹੀ ਜਾਣਦੇ ਹਨ: ਵਿਅਕਤੀਗਤ ਨਿਯੰਤਰਣ ਸਨਅਤੀ ਪੱਧਰ ਦੇ ਯਤਨਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਕੌਮਾਂਤਰੀ ਉਦਾਹਰਣਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਆਸਟਰੇਲੀਆ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਲਾਈ ਪਾਬੰਦੀ ਅਤੇ ਫਰਾਂਸ ਵਿੱਚ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਪਹੁੰਚ 'ਤੇ ਲਾਈ ਪਾਬੰਦੀ ਸਾਬਿਤ ਕਰਦੀ ਹੈ ਕਿ ਸਰਕਾਰਾਂ ਸਖ਼ਤ ਨਿਯਮ ਬਣਾਉਣ ਲਈ ਤਿਆਰ ਹਨ। ਭਾਰਤ, ਜਿੱਥੇ ਸਮਾਰਟਫੋਨ ਦਾ ਬਾਜ਼ਾਰ ਤੇਜ਼ੀ ਨਾਲ ਵਧ ਫੁੱਲ ਰਿਹਾ ਹੈ ਅਤੇ ਜਿੱਥੇ ਵੱਡੀ ਗਿਣਤੀ ਵਜੋਂ ਨੌਜਵਾਨਾਂ ਦੀ ਹੈ, ਇਸ ਮਾਮਲੇ ਵਿੱਚ ਪਿੱਛੇ ਨਹੀਂ ਰਹਿ ਸਕਦਾ। ਫਿਰ ਵੀ ਸਰਵੇਖਣ ਵਿੱਚ ਹਰ ਥਾਂ ਇਕਸਾਰ ਪਾਬੰਦੀ ਲਗਾਉਣ ਦੀ ਗੱਲ ਨਾ ਕਰ ਕੇ ਇਸ ਦੀ ਥਾਂ ਸਰਕਾਰਾਂ, ਵਿਦਿਅਕ ਸੰਸਥਾਵਾਂ, ਸਮਾਜ ਅਤੇ ਪਰਿਵਾਰਾਂ ਨੂੰ ਸ਼ਾਮਲ ਕਰਦੇ ਹੋਏ ਕਈ ਪੱਧਰਾਂ 'ਤੇ ਇਸ ਨੂੰ ਨਿਯੰਤਰਿਤ ਕਰਨ ਦੀ ਵਕਾਲਤ ਕੀਤੀ ਗਈ ਹੈ। ਬੇਸ਼ੱਕ, ਅਸਲ ਚੁਣੌਤੀ ਇਨ੍ਹਾਂ ਪਾਬੰਦੀਆਂ ਨੂੰ ਲਾਗੂ ਕਰਨ ਦੀ ਹੋਵੇਗੀ। ਉਮਰ ਦੀ ਤਸਦੀਕ ਅਤੇ ਇਕਸਾਰ ਨਿਯਮ, ਖ਼ਾਸਕਰ ਗ਼ਰੀਬ ਪਰਿਵਾਰਾਂ ਲਈ, ਲਾਗੂ ਕਰਨਾ ਨੀਤੀਘਾੜਿਆਂ ਦੀ ਅਸਲ ਪਰਖ ਹੋਵੇਗੀ। ਫਿਰ ਵੀ ਸਰਵੇਖਣ ਨੇ ਡਿਜੀਟਲ ਸੰਜਮ ਬਾਰੇ ਇੱਕ ਵਿਆਪਕ ਯੋਜਨਾ ਦਾ ਖਰੜਾ ਤਿਆਰ ਕੀਤਾ ਹੈ। ਅਜੋਕੇ ਸਮੇਂ ਵਿੱਚ ਹਰ ਕੋਈ ਡਿਜੀਟਲ ਪੱਧਰ 'ਤੇ ਸਾਰਿਆਂ ਨਾਲ ਜੁੜਿਆ ਹੋਇਆ ਹੈ। ਇਸ ਲਈ ਇਨ੍ਹਾਂ ਸਮਿਆਂ ਵਿੱਚ ਨੌਜਵਾਨਾਂ ਦੀ ਮਾਨਸਿਕਤਾ ਦੀ ਰੱਖਿਆ ਕਰਨਾ ਸਹੀ ਕਦਮ ਸਾਬਿਤ ਹੋ ਸਕਦਾ ਹੈ।

ਦਵਾਈਆਂ ਦੇ ਨਿਯਮਾਂ ਵਿੱਚ ਢਿੱਲ ਦੇਣ ਦੇ ਜੋਖ਼ਮ ਸੁਭਾਵਿਕ

ਨਿਯਮਾਂ ਵਿੱਚ ਢਿੱਲ ਦੇਣ ਦੇ ਜੋਖ਼ਮ ਸੁਭਾਵਿਕ ਹਨ, ਖ਼ਾਸਕਰ ਦਵਾਈਆਂ ਬਣਾਉਣ ਵਰਗੇ ਸੰਵੇਦਨਸ਼ੀਲ ਖੇਤਰ ਵਿੱਚ, ਜਿੱਥੇ ਜਨਤਕ ਸਿਹਤ, ਵਿਗਿਆਨਕ ਨੇਕਨੀਅਤੀ ਅਤੇ ਵਪਾਰਕ ਹਿੱਤ ਆਪਸ ਵਿੱਚ ਜੁੜੇ ਹੁੰਦੇ ਹਨ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਨਵੇਂ ਡਰੱਗਜ਼ ਅਤੇ ਕਲੀਨਿਕਲ ਟ੍ਰਾਇਲਜ਼ (ਐੱਨ ਡੀ ਸੀ ਟੀ) ਨਿਯਮ 2019 ਵਿੱਚ ਕੀਤੀਆਂ ਸੋਧਾਂ ਵਿੱਚ ਅਜ਼ਮਾਇਸ਼ ਸਬੰਧੀ ਨਿਯਮਾਂ ਨੂੰ ਸੁਖਾਲਾ ਬਣਾਉਣਾ ਅਤੇ ਕਈ ਖੋਜ ਸਰਗਰਮੀਆਂ ਲਈ ਟੈਸਟ ਲਾਇਸੈਂਸਾਂ ਦੀ ਲੋੜ ਖ਼ਤਮ ਕਰਨਾ ਸ਼ਾਮਲ ਹੈ। ਇਨ੍ਹਾਂ ਦਾ ਮੁਲਾਂਕਣ ਇਸ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ ਕਿ ਨਵੀਂ ਨੀਤੀ ਵਿੱਚ ਕਿਹੜੇ ਨਿਯਮਾਂ ਸਬੰਧੀ ਛੋਟ ਦਿੱਤੀ ਗਈ ਹੈ ਤੇ ਉਨ੍ਹਾਂ ਨਾਲ ਕੀ ਲਾਭ ਹੋਵੇਗਾ। ਇਨ੍ਹਾਂ ਸੁਧਾਰਾਂ ਪਿਛਲਾ ਉਦੇਸ਼ ਸਪੱਸ਼ਟ ਹੈ। ਸਰਕਾਰ ਦਾ ਉਦੇਸ਼ ਘੱਟ ਜੋਖ਼ਮ ਵਾਲੀਆਂ ਖੋਜਾਂ ਲਈ ਪਹਿਲਾਂ ਤੋਂ ਪ੍ਰਵਾਨਗੀ ਲੈਣ ਦੀ ਸ਼ਰਤ ਹਟਾ ਕੇ ਸੂਚਿਤ ਕਰਨ ਦੀ ਪ੍ਰਣਾਲੀ ਲਾਗੂ ਕਰਨਾ, ਕੁਝ ਜੈਵਿਕ ਉਪਲਬਧਤਾ ਅਤੇ ਜੈਵਿਕ ਸਮਾਨਤਾ ਵਾਲੇ ਅਧਿਐਨਾਂ ਲਈ ਇਜਾਜ਼ਤ ਲੈਣ ਦੀ ਸ਼ਰਤ ਹਟਾਉਣਾ, ਲਾਇਸੈਂਸਾਂ ਲਈ ਪ੍ਰਵਾਨਗੀ ਦੀ ਸਮਾਂ-ਸੀਮਾ ਘਟਾ ਕੇ ਰੈਗੂਲੇਟਰੀ ਰੁਕਾਵਟਾਂ ਨੂੰ ਘਟਾਉਣਾ ਅਤੇ ਫਾਰਮਾਸਿਊਟੀਕਲ ਖੋਜਾਂ ਵਿੱਚ ਤੇਜ਼ੀ ਲਿਆਉਣਾ ਦੱਸਿਆ ਗਿਆ ਹੈ। ਇਹ ਸਨਅਤ ਲੰਮੇ ਸਮੇਂ ਤੋਂ ਉਨ੍ਹਾਂ ਰੁਕਾਵਟਾਂ ਨਾਲ ਜੂਝ ਰਹੀ ਹੈ, ਜਿਨ੍ਹਾਂ ਨਾਲ ਸੁਰੱਖਿਆ ਵਿੱਚ ਕੋਈ ਖ਼ਾਸ ਵਾਧਾ ਨਹੀਂ ਹੁੰਦਾ। ਇਸ ਲਈ ਮੌਜੂਦਾ ਬਦਲਾਅ ਇਸ ਪ੍ਰਕਿਰਿਆ ਨੂੰ ਛੋਟਾ ਕਰਕੇ, ਖ਼ਾਸ ਤੌਰ 'ਤੇ ਜੈਨਰਿਕ ਅਤੇ ਸ਼ੁਰੂਆਤੀ ਪੜਾਅ ਦੀ ਖੋਜ ਲਈ ਲਾਗਤ ਮੁੱਲ ਘਟਾ ਸਕਦਾ ਹੈ। ਹਾਲਾਂਕਿ ਤੇਜ਼ੀ ਨਾਲ ਪ੍ਰਵਾਨਗੀ ਦੇਣ ਦਾ ਮਤਲਬ ਨਿਰਖ-ਪਰਖ ਦਾ ਕਮਜ਼ੋਰ ਅਮਲ ਜਾਂ ਜਵਾਬਦੇਹੀ ਦੀ ਅਣਹੋਂਦ ਨਹੀਂ ਹੋਣਾ ਚਾਹੀਦਾ। ਸਸਤੀਆਂ ਦਵਾਈਆਂ ਦੇ ਭਰੋਸੇਯੋਗ ਸਪਲਾਇਰ ਵਜੋਂ ਭਾਰਤ ਦੀ ਸਾਖ ਇਸ ਦੀ ਰੈਗੂਲੇਟਰੀ ਨਿਗਰਾਨੀ ਦੀ ਭਰੋਸੇਯੋਗਤਾ 'ਤੇ ਨਿਰਭਰ ਕਰਦੀ ਹੈ। ਫਾਰਮਾਸਿਊਟੀਕਲ ਵਪਾਰ ਸੁਖਾਲਾ ਬਣਾਉਣ ਲਈ ਸੁਰੱਖਿਆ ਨੇਮਾਂ ਨੂੰ ਕਮਜ਼ੋਰ ਕਰਨ ਦੀ ਕਿਸੇ ਵੀ ਕੋਸ਼ਿਸ਼ ਨਾਲ ਇਸ ਪ੍ਰਤੀ ਲੋਕਾਂ ਦੇ ਭਰੋਸੇ ਨੂੰ ਖੋਰਾ ਲੱਗ ਸਕਦਾ ਹੈ ਅਤੇ ਦਵਾਈਆਂ ਨੂੰ ਪ੍ਰਵਾਨਗੀ ਸਬੰਧੀ ਅਪਣਾਈ ਜਾਂਦੀ ਪ੍ਰਕਿਰਿਆ ਦੀ ਮਜ਼ਬੂਤੀ ਪ੍ਰਤੀ ਦੁਨੀਆ 'ਚ ਭਾਰਤ ਬਾਰੇ ਸ਼ੱਕ ਪੈਦਾ ਹੋ ਸਕਦਾ ਹੈ। ਪ੍ਰਵਾਨਗੀ 'ਤੇ ਆਧਾਰਿਤ ਪ੍ਰਣਾਲੀ ਨੂੰ ਹੁਣ ਸੂਚਨਾ ਦੇਣ ਵਾਲੀ ਪ੍ਰਣਾਲੀ 'ਚ ਤਬਦੀਲ ਕਰਨ ਨਾਲ ਨਿਯਮਾਂ ਸਬੰਧੀ ਚੌਕਸੀ 'ਤੇ ਵਧੇਰੇ ਬੋਝ ਪੈਂਦਾ ਹੈ। ਇਸ ਲਈ ਕੇਂਦਰੀ ਡਰੱਗਜ਼ ਸਟੈਂਡਰਡ ਕੰਟਰੋਲ ਸੰਗਠਨ ਵਿੱਚ ਮਜ਼ਬੂਤ ? ?ਨਿਗਰਾਨੀ ਪ੍ਰਬੰਧ, ਪਾਰਦਰਸ਼ੀ ਪ੍ਰਕਿਰਿਆ ਅਤੇ ਸੰਸਥਾਗਤ ਸਮਰੱਥਾ ਵਿੱਚ ਵਾਧੇ ਦੀ ਲੋੜ ਹੈ। ਪ੍ਰਭਾਵਸ਼ਾਲੀ ਆਡਿਟ, ਰੀਅਲ-ਟਾਈਮ ਡੇਟਾ ਦੀ ਜਾਂਚ ਅਤੇ ਉਲੰਘਣਾ ਕਰਨ ਵਾਲਿਆਂ ਲਈ ਢੁੱਕਵੇਂ ਜੁਰਮਾਨਿਆਂ ਤੋਂ ਇਲਾਵਾ ਨਿਯਮਾਂ ਵਿੱਚ ਦਿੱਤੀ ਜਾਣ ਵਾਲੀ ਢਿੱਲ ਕਾਰਜਕੁਸ਼ਲਤਾ ਵਿੱਚ ਸੁਧਾਰ ਕਰਨ ਦੀ ਥਾਂ ਨਵੇਂ ਖੱਪੇ ਪਾ ਸਕਦੀ ਹੈ। ਇਸ ਲਈ ਜ਼ਰੂਰੀ ਬਣਾਇਆ ਜਾਵੇ ਕਿ ਇਹ ਸੁਧਾਰ, ਸੰਤੁਲਨ ਦੀ ਗੰਭੀਰ ਪਰਖ ਹੋਵੇ। ਜੇਕਰ ਇਹ ਸੁਧਾਰ ਸਖ਼ਤ ਨਿਗਰਾਨੀ ਅਤੇ ਮਜ਼ਬੂਤ ਜਵਾਬਦੇਹੀ ਨਾਲ ਲਿਆਂਦੇ ਜਾਣ ਤਾਂ ਉਹ ਮਰੀਜ਼ਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਨਵੀਆਂ ਖੋਜਾਂ ਨੂੰ ਉਤਸ਼ਾਹਿਤ ਕਰਨਗੇ।

ਸਨਾਤਨ ਸੇਵਾ ਸਮਿਤੀ ਵੱਲੋਂ ਸ਼ਾਨਦਾਰ ਸ਼੍ਰੀ ਹਨੂਮਾਨ ਚਾਲੀਸਾ ਪਾਠ ਦਾ ਆਯੋਜਨ

ਲੁਧਿਆਣਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਨਾਤਨ ਸੇਵਾ ਸਮਿਤੀ ਪੰਜਾਬ ਦੀ ਲੁਧਿਆਣਾ ਇਕਾਈ ਵੱਲੋਂ ਭਾਈ ਰਣਧੀਰ ਸਿੰਘ ਨਗਰ ਸਥਿਤ ਦੁਰਗਾ ਮਾਤਾ ਮੰਦਰ ਵਿੱਚ ਵਿਸ਼ਾਲ ਸ਼੍ਰੀ ਹਨੂਮਾਨ ਚਾਲੀਸਾ ਪਾਠ ਦਾ ਆਯੋਜਨ ਕੀਤਾ ਗਿਆ।

ਇਸ ਸਮਾਗਮ ਵਿੱਚ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਸ਼੍ਰੀ ਮਨੀਸ਼ ਸਿਸੋਦੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਸ਼੍ਰੀ ਸਿਸੋਦੀਆ ਨੇ ਸਮਿਤੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਧਰਮ ਅਤੇ ਕਰਮ ਜੀਵਨ ਨੂੰ ਸਹੀ ਦਿਸ਼ਾ ਦਿੰਦੇ ਹਨ ਅਤੇ ਮਨੁੱਖਤਾ ਦੀ ਸੇਵਾ ਸਭ ਤੋਂ ਵੱਡਾ ਧਰਮ ਹੈ। ਉਨ੍ਹਾਂ ਮਹਿਲਾ ਸੰਕੀਰਤਨ ਕਮੇਟੀਆਂ ਨੂੰ ਸੰਗੀਤ ਯੰਤਰ ਕਿੱਟਾਂ ਵੀ ਵੰਡੀਆਂ।

ਪੰਜਾਬ ਸਰਕਾਰ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਸ਼੍ਰੀ ਦੀਪਕ ਬਾਲੀ ਨੇ ਕਿਹਾ ਕਿ ਸਰਕਾਰ ਸਮਾਜਿਕ ਤੇ ਧਾਰਮਿਕ ਉਪਰਾਲਿਆਂ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਸਮਿਤੀ ਦੇ ਰਾਸ਼ਟਰੀ ਮੁਖੀ ਸ਼੍ਰੀ ਵਿਜੇ ਸ਼ਰਮਾ ਨੇ ਸਮਿਤੀ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਭਰ ਵਿੱਚ ਹਫਤਾਵਾਰੀ ਹਨੂਮਾਨ ਚਾਲੀਸਾ ਪਾਠ ਕਰਵਾਏ ਜਾ ਰਹੇ ਹਨ। ਮਾਲਵਾ ਜ਼ੋਨ ਦੇ ਸੰਗਠਨ ਜਨਰਲ ਸਕੱਤਰ ਵਰੁਣ ਮਹਿਤਾ ਨੇ ਸਟੇਜ ਸੰਚਾਲਨ ਕੀਤਾ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਇਸ ਮੌਕੇ ਵਿਧਾਇਕਾਂ, ਮੇਅਰ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਰਹਿੰਦੀ ਦੁਨੀਆਂ ਤੱਕ ਸਮੁੱਚੀ ਮਾਨਵਤਾ ਨੂੰ ਸੇਧ ਦਿੰਦੀਆਂ ਰਹਿਣਗੀਆਂ : ਡਾ. ਬਲਬੀਰ ਸਿੰਘ



ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ ਪਟਿਆਲਾ ਦਿਹਾਤੀ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਇਲਾਕਿਆਂ ਵਿੱਚ ਕਰਵਾਏ ਸਮਾਗਮਾਂ ਵਿੱਚ ਹਾਜ਼ਰੀ ਭਰੀ। ਡਾ. ਬਲਬੀਰ ਸਿੰਘ ਨੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਰਹਿੰਦੀ ਦੁਨੀਆਂ ਤੱਕ ਸਮੁੱਚੀ ਮਾਨਵਤਾ ਨੂੰ ਸੇਧ ਦਿੰਦੀਆਂ ਰਹਿਣਗੀਆਂ। ਇਸ ਦੌਰਾਨ ਇਲਾਕਾ ਨਿਵਾਸੀਆਂ ਨੇ ਮੰਤਰੀ ਡਾ. ਬਲਬੀਰ ਸਿੰਘ ਨੂੰ ਸਨਮਾਨਿਤ ਵੀ ਕੀਤਾ।

ਗੁਰੂ ਰਵਿਦਾਸ ਮੰਦਿਰ ਪਿੰਡ ਲੌਟ, ਦੰਦਰਾਲਾ ਖਰੌੜ, ਸਿਉਨਾ, ਗੁਰੂ ਰਵਿਦਾਸ ਭਵਨ ਰਣਜੀਤ ਨਗਰ, ਪਿੰਡ ਝਿੱਲ, ਗੁਰਦੁਆਰਾ ਭਗਤ ਧੰਨਾ ਜੀ, ਨੰਦਪੁਰ ਕੇਸੋ ਵਿਖੇ ਕਰਵਾਏ ਨਗਰ ਕੀਰਤਨ, ਪਿੰਡ ਬਾਰਨ ਅਤੇ ਫੈਕਟਰੀ ਏਰੀਆ ਵਿਖੇ ਸੰਗਤ ਵੱਲੋਂ ਕਰਵਾਏ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮਾਜ ਨੂੰ ਸਮਾਨਤਾ, ਭਰਾਤਰੀਭਾਵ, ਪ੍ਰੇਮ ਅਤੇ ਮਨੁੱਖਤਾ ਦੇ ਰਾਹ 'ਤੇ ਤੁਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਸਿਰਫ਼ ਪੰਜਾਬ ਜਾਂ ਭਾਰਤ ਵਾਸੀਆਂ ਲਈ ਹੀ ਨਹੀਂ ਸਗੋਂ ਪੂਰੀ ਦੁਨੀਆਂ ਤੇ ਮਾਨਵਤਾ ਲਈ ਮਾਰਗਦਰਸ਼ਕ ਹਨ ਅਤੇ ਮਨੁੱਖਤਾ ਨੂੰ ਹਮੇਸ਼ਾਂ ਨੇਕੀ, ਇਮਾਨਦਾਰੀ ਅਤੇ ਸੇਵਾ ਦੀ ਪ੍ਰੇਰਣਾ ਦਿੰਦੀਆਂ ਰਹਿਣਗੀਆਂ।

ਡਾ. ਬਲਬੀਰ ਸਿੰਘ ਨੇ ਇਲਾਕਾ ਵਾਸੀਆਂ ਨੂੰ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਣ ਅਤੇ ਸਮਾਜਿਕ ਭਲਾਈ ਦੇ ਕੰਮਾਂ ਵਿੱਚ ਸਰਗਰਮ ਹਿੱਸਾ ਲੈਣ ਲਈ ਸੱਦਾ ਦਿੱਤਾ। ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਦਿਹਾਤੀ ਹਰਪਾਲ ਸਿੰਘ ਵਿਰਕ, ਜਸਬੀਰ ਸਿੰਘ ਗਾਂਧੀ, ਸਰਪੰਚ ਬਲਕਾਰ ਸਿੰਘ, ਕੇਸਰ ਸਿੰਘ, ਨਸੀਬ ਸਿੰਘ, ਸੁਰਜੀਤ ਸਿੰਘ, ਤਰਸੇਮ ਸਿੰਘ ਸੋਨੀ, ਰਾਮ ਸਿੰਘ ਅਤੇ ਗਿਆਨ ਚੰਦ ਸਮੇਤ ਵੱਡੀ ਗਿਣਤੀ ਸੰਗਤ ਤੇ ਹੋਰ ਪਤਵੰਤੇ ਹਾਜ਼ਰ ਸਨ।

ਪੰਜਾਬੀ ਯੂਨੀਵਰਸਿਟੀ ਵਿਖੇ ਬਾਇਓਟੈਕਨੌਲਜੀ ਦੇ ਖੇਤਰ ਨਾਲ਼ ਸਬੰਧਤ ਦੋ ਦਿਨਾ ਅੰਤਰ-ਰਾਸ਼ਟਰੀ ਸੰਮੇਲਨ

ਪਟਿਆਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਦੇ ਬਾਇਓਟੈਕਨੌਲਜੀ ਅਤੇ ਫੂਡ ਟੈਕਨੌਲਜੀ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਅੰਤਰਰਾਸ਼ਟਰੀ ਸੰਮੇਲਨ 3-4 ਫਰਵਰੀ 2026 ਨੂੰ ਸਾਇੰਸ ਆਡੀਟੋਰੀਅਮ ਵਿਖੇ ਹੋਵੇਗਾ।

ਬਾਇਓ ਐਂਟਰਪ੍ਰਿਨਿਊਰਸ਼ਿਪ ਅਤੇ ਟੈਕਨੌਲਜੀ ਵਿੱਚ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ ਦੇ ਵਿਸ਼ੇ ਉੱਤੇ ਇਹ ਸੰਮੇਲਨ ਈ.ਆਈ.ਸੀ. ਐੱਚ. (ਐਂਟਰਪ੍ਰਿਨਿਊਰਸ਼ਿਪ, ਇਨੋਵੇਸ਼ਨ ਅਤੇ ਕਰੀਅਰ ਹੱਬ, ਰੂਸਾ-2) ਅਧੀਨ ਕਰਵਾਇਆ ਜਾ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵੱਲੋਂ ਜਾਰੀ ਪਰੈੱਸ ਰਿਲੀਜ਼ ਵਿੱਚ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਇਸ ਸੰਮੇਲਨ ਦਾ ਉਦੇਸ਼ ਬਾਇਓਟੈਕਨੌਲਜੀ ਖੇਤਰ ਵਿੱਚ ਨਵੀਨਤਾ, ਉਦਯੋਗਿਕ ਵਿਕਾਸ ਅਤੇ ਉੱਦਮੀ ਸੋਚ ਨੂੰ ਉਤਸ਼ਾਹਿਤ ਕਰਨਾ ਹੈ।

ਸੰਮੇਲਨ ਵਿੱਚ ਫੂਡ ਅਤੇ ਹੈਲਥ, ਮੈਡੀਕਲ ਬਾਇਓ ਟੈਕਨੌਲਜੀ, ਬਾਇਓ ਐਂਟਰਪ੍ਰਿਨਿਊਰਸ਼ਿਪ ਅਤੇ ਉਦਯੋਗਿਕ ਬਾਇਓ ਟੈਕਨੌਲਜੀ ਦੇ ਖੇਤਰਾਂ ਨਾਲ਼ ਜੁੜੇ ਦੇਸ਼-ਵਿਦੇਸ਼ ਦੇ ਪ੍ਰਸਿੱਧ ਵਿਗਿਆਨੀ, ਅਕਾਦਮਿਕ ਵਿਦਵਾਨ ਅਤੇ ਉਦਯੋਗਿਕ ਮਾਹਿਰ ਭਾਗ ਲੈਣਗੇ।

ਦੋ ਦਿਨਾਂ

ਬਦਮਾਸ਼ੀ ਦੀ ਹੱਦ

ਸਵੇਰੇ ਕੋਈ ਪੰਜ ਵਜੇ ਦਾ ਵਕਤ ਸੀ। ਦੱਖਣੀ ਦਿੱਲੀ ਦੇ ਜਾਮੀਆ ਨਗਰ ਥਾਣੇ ਦੇ ਡਿਊਟੀ ਸਟਾਫ ਨੂੰ ਹੋਲੀ ਫੈਮਲੀ ਹਸਪਤਾਲ ਤੋਂ ਸੂਚਨਾ ਮਿਲੀ ਕਿ ਇਕ ਵਿਅਕਤੀ ਆਪਣੀ ਪਤਨੀ ਨੂੰ ਲੈ ਕੇ ਹਸਪਤਾਲ ਪਹੁੰਚਿਆ ਹੈ। ਜਿਸ ਵਕਤ ਉਹ ਹਸਪਤਾਲ ਪਹੁੰਚਿਆ, ਉਸਦੀ ਪਤਨੀ ਮਰ ਚੁੱਕੀ ਸੀ। ਸੂਚਨਾ ਗੰਭੀਰ ਸੀ, ਇਸ ਕਰਕੇ ਡਿਊਟੀ 'ਤੇ ਹਾਜ਼ਰ ਸਬ ਇੰਸਪੈਕਟਰ ਪ੍ਰਵੀਣ ਵਤਸ ਹੋਲੀ ਫੈਮਲੀ ਹਸਪਤਾਲ ਪਹੁੰਚੇ। ਉਹਨਾਂ ਨੇ ਔਰਤ ਦੀ ਲਾਸ਼ ਦੇਖੀ, ਉਸਦੇ ਸਿਰ ਦੇ ਪਿੱਛੇ ਖੱਬੇ ਪਾਸੇ ਕਿਸੇ ਭਾਰੀ ਵਸਤੂ ਨਾਲ ਘਾਤਕ ਸੱਟ ਲੱਗਣ ਦੇ ਨਿਸ਼ਾਨ ਸਨ। ਇਸੇ ਕਾਰਨ ਸਿਰ ਤੋਂ ਬਹੁਤ ਸਾਰੇ ਖੂਨ ਵਹਿ ਚੁਰਿਆ ਸੀ। ਸੰਭਾਵਨਾ ਉਸਦੀ ਮੌਤ ਵੀ ਜ਼ਿਆਦਾ ਖੂਨ ਦੇ ਕਾਰਨ ਹੀ ਹੋਈ ਹੋਣ ਦੀ ਸੀ। ਮ੍ਰਿਤਕਾ ਦੇ ਕੋਲ ਜੋ ਵਿਅਕਤੀ ਖੜ੍ਹਾ ਸੀ, ਉਹ ਖੁਦ ਨੂੰ ਉਸਦਾ ਪਤੀ ਦੱਸ ਰਿਹਾ ਸੀ। ਉਸਦਾ ਨਾਂ ਹਦੀਸ਼ ਸੀ।

ਲਾਸ਼ ਦਾ ਚੰਗੀ ਤਰ੍ਹਾਂ ਮੁਆਇਨਾ ਕਰਨ ਤੋਂ ਬਾਅਦ ਸਬ ਇੰਸਪੈਕਟਰ ਪ੍ਰਵੀਣ ਨੇ ਉਸ ਤੋਂ ਪੁੱਛਿਆ, ਤੁਹਾਡੀ ਪਤਨੀ ਨੂੰ ਸੱਟ ਕਿਵੇਂ ਲੱਗੀ ?

ਪਤਾ ਨਹੀਂ ਸਾਹਿਬ। ਮੈਂ ਤਾਂ ਸੁੱਤਾ ਪਿਆ ਸੀ। ਉਸਦੀ ਚੀਖਣ ਦੀ ਆਵਾਜ਼ ਕਾਰਨ ਮੇਰੀ ਨੀਂਦ ਟੁੱਟੀ ਤਾਂ ਦੇਖਿਆ ਕਿ ਇਸਦੇ ਸਿਰ ਤੋਂ ਖੂਨ ਨਿਕਲ ਰਿਹਾ ਸੀ। ਮੈਂ ਇੱਕਦਮ ਘਬਰਾ ਗਿਆ। ਫਿਰ ਮੈਂ ਇਸਨੂੰ ਲੈ ਕੇ ਹਸਪਤਾਲ ਆ ਗਿਆ ਪਰ ਸਾਹਿਬ ਹਸਪਤਾਲ ਲਿਆਉਣ ਦੌਰਾਨ ਇਹਨਾਂ ਦੀ ਮੌਤ ਹੋ ਗਈ। ਮੈਂ ਬਰਬਾਦ ਹੋ ਗਿਆ, ਮੇਰੇ ਬੱਚੇ ਅਨਾਥ ਹੋ ਗਏ। ਹਦੀਸ਼ ਰੋਂਦੇ ਹੋਏ ਬੋਲਿਆ।

ਤੁਹਾਡੀ ਪਤਨੀ ਦਾ ਨਾਂ ਕੀ ਸੀ ? ਸਬ ਇੰਸਪੈਕਟਰ ਪ੍ਰਵੀਣ ਨੇ ਪੁੱਛਿਆ।

ਰੇਹਾਨਾ ਨਾਂ ਸੀ, ਸਾਹਿਬ। ਹਦੀਸ ਬੋਲਿਆ।

ਕਿੱਥੇ ਰਹਿੰਦੇ ਹੋ ?

ਧੋਬੀਘਾਟ... ਬਾਟਲਾ ਹਾਊਸ ਸਥਿਤ ਮੁਸ਼ੱਰਫ ਦੇ ਮਕਾਨ ਵਿਚ। ਹਦੀਸ ਨੇ ਦੱਸਿਆ।

ਸਬ ਇੰਸਪੈਕਟਰ ਪ੍ਰਵੀਣ ਨੇ ਤੁਰੰਤ ਇਸ ਵਾਰਦਾਤ ਦੀ ਸੂਚਨਾ ਜਾਮੀਆ ਨਗਰ ਥਾਣਾ ਮੁਖੀ ਮੁਹੰਮਦ ਇਕਬਾਲ ਨੂੰ ਦੇ ਦਿੱਤੀ। ਉਹਨਾਂ ਦੇ ਦਿਸ਼ਾ-ਨਿਰਦੇਸ਼ 'ਤੇ ਉਹ ਰੇਹਾਨਾ ਦੀ ਲਾਸ਼ ਨੂੰ ਮੋਰਚਰੀ ਵਿਚ ਸੁਰੱਖਿਅਤ ਰਖਵਾਉਣ ਤੋਂ ਬਾਅਦ ਹਦੀਸ ਨੂੰ ਨਾਲ ਲੈ ਕੇ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ।

ਮਕਾਨ ਚਾਰ ਕਮਰਿਆਂ ਦਾ ਸੀ। ਇਹਨਾਂ ਵਿਚੋਂ ਇਕ ਕਮਰੇ ਵਿਚ ਹਦੀਸ ਆਪਣੀ ਪਤਨੀ ਰੇਹਾਨਾ ਅਤੇ ਤਿੰਨ ਬੱਚਿਆਂ ਨਾਲ ਰਹਿੰਦਾ ਸੀ। ਹਦੀਸ ਦੇ ਪਿੱਛੇ ਪਿੱਛੇ ਸਬ ਇੰਸਪੈਕਟਰ ਪ੍ਰਵੀਣ ਨੇ ਕਮਰੇ ਦੇ ਅੰਦਰ ਪ੍ਰਵੇਸ਼ ਕੀਤਾ। ਹਦੀਸ ਨੇ ਪਲੰਘ ਵੱਲ ਇਸ਼ਾਰਾ ਕੀਤਾ ਅਤੇ ਕਿਹਾ, ਸਾਹਿਬ, ਕੱਲ੍ਹ ਰਾਤ ਮੈਂ ਰੇਹਾਨਾ ਅਤੇ ਬੱਚਿਆਂ ਦੇ ਨਾਲ ਇਸੇ ਬੈਡ 'ਤੇ ਸੁੱਤੇ ਪਏ ਸੀ। ਸਵੇਰੇ ਜਦੋਂ ਉਸਦੇ ਚੀਖਣ ਦੀਆਂ ਆਵਾਜ਼ਾਂ ਕਾਰਨ ਮੇਰੀ ਅੱਖ ਖੁੱਲ੍ਹੀ ਤਾਂ ਰੇਹਾਨਾ ਨੂੰ ਲਹੂ-ਲੁਹਾਣ ਦੇਖ ਕੇ ਮੈਂ ਡਰ ਗਿਆ।

ਸਬ ਇੰਸਪੈਕਟਰ ਪ੍ਰਵੀਨ ਹਾਲੇ ਪੁੱਛਗਿੱਛ ਕਰ ਹੀ ਰਹੇ ਸਨ ਕਿ ਥਾਣਾ ਮੁਖੀ ਵੀ ਉਥੇ ਪਹੁੰਚ ਗਏ। ਉਹਨਾਂ ਨੇ ਘਟਨਾ ਵਾਲੀ ਥਾਂ ਦੀ ਬਰੀਕੀ ਨਾਲ ਜਾਂਚ ਕੀਤੀ। ਮ੍ਰਿਤਕਾ ਜਿੱਥੇ ਸੁੱਤੀ ਸੀ, ਉਥੇ ਖੂਨ ਹੀ ਖੂਨ ਸੀ। ਯਾਨਿ ਮ੍ਰਿਤਕਾ ਦੇ ਸਿਰ ਤੋਂ ਕਾਫੀ ਖੂਨ ਵਹਿ ਰਿਹਾ ਸੀ।

ਇੰਸਪੈਕਟਰ ਇਕਬਾਲ ਨੇ ਖੂਨ ਨਾਲ ਲਿੱਬੜਿਆ ਬਿਸਤਰ ਜ਼ਬਤ ਕਰ ਲਿਆ। ਰੇਹਾਨਾ ਦੇ ਕਮਰੇ ਦੇ ਸਾਹਮਣੇ ਟਾਰਜਨ ਨਾਂ ਦਾ ਲੜਕਾ ਰਹਿੰਦਾ ਸੀ ਪਰ ਉਹ ਇਸ ਵਕਤ ਕਮਰੇ ਵਿਚ ਨਹੀਂ ਸੀ। ਪੁੱਤਗਿੱਛ ਦੌਰਾਨ ਹਦੀਸ ਨੇ ਮੁਹੰਮਦ ਇਕਬਾਲ ਨੂੰ ਕੋਈ ਵੀ ਅਜਿਹੀ ਜਾਣਕਾਰੀ ਨਹੀਂ ਦਿੱਤੀ, ਜਿਸ ਤੋਂ ਤਫਤੀਸ਼ ਨੂੰ ਕੋਈ ਦਿਸ਼ਾ ਮਿਲਦੀ। ਇਹ ਗੱਲ ਜ਼ਰੂਰ ਪੁਲਿਸ ਨੂੰ ਅੱਖੜ ਰਹੀ ਸੀ ਕਿ ਕੋਈ ਬਾਹਰਲਾ ਵਿਅਕਤੀ ਆ ਕੇ ਹਦੀਸ ਦੇ ਨੇੜੇ ਸੁੱਤੀ ਉਸਦੀ ਪਤਨੀ ਦੀ ਹੱਤਿਆ ਕਰ ਗਿਆ ਅਤੇ ਉਸਨੂੰ ਭਿਣਕ ਤੱਕ ਨਾ ਲੱਗੀ। ਉਸਨੂੰ ਹੀ ਕੀ, ਬੱਚਿਆਂ ਨੂੰ ਵੀ ਕੁਝ ਪਤਾ ਨਹੀਂ ਲੱਗਿਆ ਪਰ ਹਦੀਸ 'ਤੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ। ਇਹ ਗੱਲ ਹੋਰ ਲੋਕਾਂ ਤੋਂ ਵੀ ਸਾਬਤ ਹੋ ਗਈ ਕਿ ਹਦੀਸ ਪਤਨੀ ਰੇਹਾਨਾ ਨੂੰ ਬੇਹੱਦ ਚਾਹੁੰਦਾ ਸੀ। ਦੋਵਾਂ ਵਿਚ ਕਦੀ ਝਗੜਾ ਤੱਕ ਨਹੀਂ ਹੋਇਆ ਸੀ। ਖੈਰ ਇੰਸਪੈਕਟਰ ਇਕਬਾਲ ਘਟਨਾ ਵਾਲੀ ਥਾਂ ਤੋਂ ਹੋਲੀ ਫੈਮਲੀ ਹਸਪਤਾਲ ਪਹੁੰਚੇ ਅਤੇ ਲਾਸ਼ ਨੂੰ ਪੋਸਟ ਮਾਰਟਮ ਦੇ ਲਈ ਭੇਜ ਦਿੱਤਾ।

ਅਗਲੇ ਦਿਨ ਰੇਹਾਨਾ ਦੇ ਪੋਸਟ ਮਾਰਟਮ ਦੀ ਰਿਪੋਰਟ ਆ ਗਈ। ਰਿਪੋਰਟ ਨੂੰ ਪੜ੍ਹਦੇ ਹੀ ਸਾਰੇ ਹੈਰਾਨ ਰਹਿ ਗਏ। ਕਿਉਂਕਿ ਰੇਹਾਨਾ ਦੇ ਸਿਰ ਦੇ ਪਿਛਲੇ ਹਿੱਸਾ ਵਿਚ ਜੋ ਸੁਰਾਖ ਸੀ, ਉਥੇ ਗੋਲੀ ਲੱਗੀ ਸੀ। ਪੋਸਟ ਮਾਰਟਮ ਦੇ ਦੌਰਾਨ 315 ਬੋਰ ਦੀ ਗੋਲੀ ਰੇਹਾਨਾ ਦੇ ਸਿਰ ਵਿਚੋਂ ਮਿਲੀ। ਯਾਨਿ ਮਾਮਲਾ ਸਿਰ ਨਾਲ ਲਗਾ ਕੇ ਗੋਲੀ ਮਾਰ ਕੇ ਕੀਤੀ ਹੱਤਿਆ ਦਾ ਸੀ। ਇਸ ਤੋਂ ਇਹ ਸੰਭਾਵਨਾ ਵੀ ਜਾਂਦੀ ਰਹੀ ਕਿ ਹਦੀਸ ਨੂੰ ਖਬਰ ਕਿਉਂ ਨਾ ਲੱਗੀ। ਕਿਉਂਕਿ ਇਸ ਤੋਂ ਇੰਨੀ ਆਵਾਜ਼ ਨਹੀਂ ਆਈ ਹੋਵੇਗੀ ਕਿ ਡੂੰਘੀ ਨੀਂਦ ਵਿਚ ਰੇਹਾਨਾ ਦੇ ਨੇੜੇ ਹਦੀਸ ਤੱਕ ਆਵਾਜ਼ ਪਹੁੰਚਦੀ। ਉਥੇ ਹੀ ਹਦੀਸ ਨੇ ਕਿਸੇ 'ਤੇ ਸ਼ੱਕ ਵੀ ਜਾਹਿਰ ਨਹੀਂ ਕੀਤਾ ਸੀ। ਇਹ ਸਵਾਲ ਜਿਉਂ ਦਾ ਤਿਉਂ ਬਣਿਆ ਰਿਹਾ ਕਿ ਰੇਹਾਨਾ ਦੀ ਹੱਤਿਆ ਕਿਸਨੇ ਅਤੇ ਕਿਉਂ ਕੀਤੀ ?

ਖੈਰ, ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਅਤੇ ਜਾਂਚ ਦੀ ਜ਼ਿੰਮੇਵਾਰੀ ਸਬ ਇੰਸਪੈਕਟਰ ਪ੍ਰਵੀਣ ਵਤਸ ਨੂੰ ਦਿੱਤੀ ਗਈ। ਉਹਨਾਂ ਨੇ ਕਈ ਲੋਕਾਂ ਤੋਂ ਰੇਹਾਨਾ ਅਤੇ ਉਸਦੇ ਪਤੀ ਹਦੀਸ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਸ਼ੁਰੂ ਕੀਤੀ। ਉਦੋਂ ਹੀ ਜਸੌਲਾ ਵਿਚ ਰਹਿਣ ਵਾਲੀ ਮ੍ਰਿਤਕਾ ਰੇਹਾਨਾ ਦੀ ਸਹੇਲੀ ਰੇਹਾਨਾ ਨੇ ਦੱਸਿਆ ਕਿ ਮਰਨ ਵਾਲੀ ਰੇਹਾਨਾ ਉਸਦੀ ਚੰਗੀ ਸਹੇਲੀ ਸੀ। ਦੋਵੇਂ ਦੁਖ-ਸੁਖ ਵੰਡ ਲਿਆ ਕਰਦੀਆਂ ਸਨ। ਰੇਹਾਨਾ ਦੇ ਨਜਾਇਜ਼ ਸਬੰਧ ਰਹਿਮਾਨ ਨਾਲ ਸਨ। ਰਹਿਮਾਨ ਫਰਵਰੀ, 2008 ਵਿਚ ਆਪਣਾ ਘਰ ਵੇਚ ਕੇ ਪੁਸ਼ਤੈਨੀ ਪਿੰਡ ਬਿਜਨੌਰ ਚਲਿਆ ਗਿਆ ਸੀ। ਰੇਹਾਨਾ ਨੇ ਰੇਹਾਨਾ ਨੂੰ ਦੱਸਿਆ ਸੀ ਕਿ ਉਸਨੇ ਚਾਲੀ ਹਜ਼ਾਰ ਰੁਪਏ ਰਹਿਮਾਨ ਨੂੰ ਬਤੌਰ ਕਰਜ਼ਾ ਦਿੱਤੇ ਸਨ, ਜਿਸਨੂੰ ਰਹਿਮਾਨ ਨੇ ਰੇਹਾਨਾ ਨੂੰ ਵਾਪਸ ਨਹੀਂ ਕੀਤਾ ਸੀ।

ਸਬ ਇੰਸਪੈਕਟਰ ਪ੍ਰਵੀਣ ਦੇ ਲਈ ਇਹ ਜਾਣਕਾਰੀ ਕਾਫੀ ਮਹੱਤਵਪੂਰਨ ਸੀ। ਪ੍ਰਵੀਣ ਵਤਸ ਨੇ ਸਾਰੀ ਜਾਣਕਾਰੀ ਇੰਸਪੈਕਟਰ ਨੂੰ ਦੱਸੀ, ਤਾਂ ਉਹਨਾਂ ਦਾ ਧਿਆਨ ਰਹਿਮਾਨ 'ਤੇ ਕੇਂਦਰਿਤ ਹੋ ਗਿਆ।

ਤੁਰੰਤ ਹੀ ਰਹਿਮਾਨ ਦੀ ਤਲਾਸ਼ ਵਿਚ ਟੀਮ ਭੇਜੀ ਪਰ ਰਹਿਮਾਨ ਘਰ ਤੋਂ ਫਰਾਰ ਸੀ। ਰਹਿਮਾਨ ਦੇ ਫਰਾਰ ਹੋਣ ਕਾਰਨ ਪੁਲਿਸ ਨੂੰ ਉਸ 'ਤੇ ਪੂਰਾ ਸ਼ੱਕ ਹੋ ਗਿਆ। ਉਸੇ ਦਿਨ ਪੁਲਿਸ ਟੀਮ ਵਾਪਸ ਦਿੱਲੀ ਮੁੜ ਆਈ।

ਪਰ ਹੁਣ ਤੱਕ ਮੁਖਬਰਾਂ ਨੂੰ ਸਰਗਰਮ ਕਰ ਦਿੱਤਾ ਗਿਆ ਸੀ। ਇਸਦਾ ਸਾਰਥਕ ਨਤੀਜਾ ਵੀ ਨਿਕਲਿਆ। ਆਖਿਰਕਾਰ 30 ਅਪ੍ਰੈਲ ਨੂੰ ਦਿੱਲੀ ਪੁਲਿਸ ਟੀਮ ਨੇ ਰਹਿਮਾਨ ਨੂੰ ਜਸੌਲਾ ਤੋਂ ਪਕੜ ਲਿਆ। ਰਹਿਮਾਨ ਨੇ ਪੁੱਛਗਿੱਛ ਵਿਚ ਰੇਹਾਨਾ ਦੀ ਹੱਤਿਆ ਤੋਂ ਖੁਦ ਨੂੰ ਅਣਜਾਣ ਦੱਸਿਆ। ਤਿੰਨ ਦਿਨ ਲਗਾਤਾਰ ਪੁੱਛਗਿੱਛ ਕੀਤੀ ਗਈ, ਤਾਂ ਆਖਿਰਕਾਰ ਰਹਿਮਾਨ ਨੇ ਸੱਚ ਉਗਲ ਦਿੱਤਾ। ਉਸਨੇ ਦੱਸਿਆ ਕਿ ਹੱਤਿਆ ਦੇ ਲਈ ਉਸਨੇ ਬਿਜਨੌਰ ਦੇ ਅਪਰਾਧੀਆਂ ਨੂੰ ਸੁਪਾਰੀ ਦਿੱਤੀ ਸੀ। ਰਹਿਮਾਨ ਦੇ ਬਿਆਨ ਅਤੇ ਪੁਲਿਸ ਦੀ ਜਾਂਚ ਤੋਂ ਰੇਹਾਨਾ ਦੇ ਕਤਲ ਦੇ ਪਿੱਛੇ ਜੋ ਕਹਾਣੀ ਸਾਹਮਣੇ ਆਈ, ਉਹ ਇਸ ਪ੍ਰਕਾਰ ਹੈ।

ਹਦੀਸ਼ ਬਿਹਾਰ ਦੇ ਜ਼ਿਲ੍ਹਾ ਬੇਗੂਸਰਾਏ ਦੇ ਜੌਹਰੀ ਬਾਜ਼ਾਰ ਦਾ ਰਹਿਣ ਵਾਲਾ ਸੀ। ਹਦੀਸ ਦੇ ਪਿਤਾ ਨਵਾਬ ਦੀ ਮਾਲੀ ਹੈਸੀਅਤ ਚੰਗੀ ਨਹੀਂ ਸੀ। ਨਵਾਬ ਨੇ 14 ਸਾਲ ਪਹਿਲਾਂ ਹਦੀਸ ਦਾ ਨਿਕਾਹ ਬੇਗੂਸਰਾਏ ਤਹਿਤ ਪਿੰਡ ਮੁਢਾਲਾ ਨਿਵਾਸੀ ਰੇਹਾਨਾ ਨਾਲ ਕਰਵਾ ਦਿੱਤਾ। ਹਦੀਸ਼ ਸਧਾਰਨ ਸ਼ਕਲ-ਸੂਰਤ ਵਾਲਾ ਨੌਜਵਾਨ ਸੀ ਪਰ ਰੇਹਾਨਾ ਕਾਫੀ ਸੁੰਦਰ ਸੀ। ਸਿਹਤ ਦੇ ਮਾਮਲੇ ਵਿਚ ਵੀ ਉਹ ਹਦੀਸ਼ ਤੋਂ ਤਕੜੀ ਸੀ। ਰੇਹਾਨਾ ਆਪਣੀ ਖੂਬਸੂਰਤੀ ਦਾ ਖੂਬ ਖਿਆਲ ਰੱਖਦੀ ਸੀ। ਹਦੀਸ਼ ਰੇਹਾਨਾ ਦੀ ਖੂਬਸੂਰਤੀ 'ਤੇ ਲੱਟੂ ਸੀ। ਦੋਵੇਂ ਪਤੀ-ਪਤਨੀ ਪਿੰਡ ਵਿਚ ਰਹਿ ਕੇ ਵਧੀਆ ਜੀਵਨ ਲੰਘਾ ਰਹੇ ਸਨ।

ਹਦੀਸ਼ ਪਿੰਡ ਵਿਚ ਹੀ ਮਿਹਨਤ-ਮਜ਼ਦੂਰੀ ਕਰਦਾ ਸੀ। ਉਹ ਆਪਣੀ ਥੋੜ੍ਹੀ ਜਿਹੀ ਕਮਾਈ ਨਾਲ ਵੀ ਪਤਨੀ ਦੇ ਨਾਲ ਸੰਤੁਸ਼ਟ ਸੀ। ਪਰ ਜਦੋਂ ਘਰ ਵਿਚ ਤਿੰਨ ਬੱਚੇ- ਬੇਟਾ ਸ਼ਕੀਲ, ਬੇਟੀ ਅਫਸਾਨਾ ਅਤੇ ਬੇਟਾ ਤਕੀਲ ਆ ਗਏ ਤਾਂ ਖਰਚਾ ਵੀ ਵਧਣ ਲੱਗਿਆ। ਹੁਣ ਹਦੀਸ਼ ਪ੍ਰੇਸ਼ਾਨ ਹੋ ਗਿਆ। ਹਦੀਸ਼ ਦੀ ਪ੍ਰੇਸ਼ਾਨੀ ਦੇਖ ਕੇ ਰੇਹਾਨਾ ਨੇ ਪਿੰਡ ਛੱਡ ਕੇ ਦਿੱਲੀ ਜਾ ਕੇ ਕੰਮ-ਧੰਦਾ ਕਰਨ ਦੀ ਸਲਾਹ ਪਤੀ ਨੂੰ ਦਿੱਤੀ, ਤਾਂ ਹਦੀਸ਼ ਤਿਆਰ ਹੋ ਗਿਆ। ਪਰ ਫਿਰ ਵੀ ਇਕ ਸਮੱਸਿਆ ਸੀ। ਆਪਣੀ ਸੁੰਦਰ ਬੇਗਮ ਨੂੰ ਛੰਡ ਕੇ ਉਹ ਦਿੱਲੀ ਨਹੀਂ ਜਾਣਾ ਚਾਹੁੰਦਾ ਸੀ ਅਤੇ ਘਰ ਵਾਲਿਆਂ ਦੀ ਇੱਛਾ ਤੋਂ ਬਿਨਾਂ ਉਹ ਰੇਹਾਨਾ ਨੂੰ ਦਿੱਲੀ ਲਿਜਾ ਨਹੀਂ ਸਕਦਾ ਸੀ।

ਆਖਿਰ ਘਰ ਵਾਲਿਆਂ ਨੇ ਹਦੀਸ਼ ਨੂੰ ਰੇਹਾਨਾ ਦੇ ਨਾਲ ਦਿੱਲੀ ਜਾਣ ਦੀ ਆਗਿਆ ਦੇ ਦਿੱਤੀ। ਕੋਈ 6-7 ਸਾਲ ਪਹਿਲਾਂ ਹਦੀਸ਼ ਰੇਹਾਨਾ ਨੂੰ ਨਾਲ ਲੈ ਕੇ ਦਿੱਲੀ ਆ ਗਿਆ। ਇੱਥੇ ਉਸਨੇ ਜਾਮੀਆ ਨਗਰ ਵਿਚ ਇਕ ਛੋਟਾ ਜਿਹਾ ਕਮਰਾ ਕਿਰਾਏ 'ਤੇ ਲੈ ਲਿਆ। ਹਦੀਸ਼ ਨੇ ਨੌਕਰੀ ਦੀ ਭਾਲ ਕੀਤੀ ਪਰ ਨੌਕਰੀ ਨਾ ਮਿਲੀ। ਤਾਂ ਉਸਨੇ ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ। ਸਾਰਾ ਦਿਨ ਰਿਕਸ਼ਾ ਚਲਾ ਕੇ ਉਸਨੂੰ ਬਿਹਾਰ ਦੇ ਮੁਕਾਬਲੇ ਕਾਫੀ ਜ਼ਿਆਦਾ ਕਮਾਈ ਹੋ ਜਾਂਦੀ ਸੀ। ਰੇਹਾਨਾ ਪਤੀ ਦੀ ਇਸ ਆਮਦਨ ਵਿਚ ਗੁਜ਼ਾਰਾ ਚਲਾ ਰਹੀ ਸੀ, ਪਰ ਉਸਦਾ ਚੰਚਲ ਮਨ ਉਸਦੇ ਕਾਬੂ ਵਿਚ ਨਾ ਰਿਹਾ। ਉਹ ਬਣ-ਸੰਵਰ ਕੇ ਰਹਿਣਾ ਚਾਹੁੰਦੀ ਸੀ। ਮਹਿੰਗੇ ਕੱਪੜੇ ਖਰੀਦਣਾ ਚਾਹੁੰਦੀ ਸੀ ਅਤੇ ਹਰ ਕਿਸਮ ਦੇ ਐਸ਼ੋ-ਆਰਾਮ ਦੀ ਇੱਛਾ ਰੱਖਦੀ ਸੀ। ਪਰ ਪੈਸਿਆਂ ਦੀ ਘਾਟ ਕਾਰਨ ਉਹ ਮਨ ਮਸੋਸ ਕੇ ਰਹਿ ਜਾਂਦੀ ਸੀ। ਹਦੀਸ਼ ਦੀ ਰਿਕਸ਼ੇ ਦੀ ਕਮਾਈ ਕਾਰਨ ਤਾਂ ਕਮਰੇ ਦਾ ਕਿਰਾਇਆ ਹੋਰ ਮੁਸ਼ਕਿਲ ਨਾਲ ਦੋ ਜੂਨ ਦੀ ਰੋਟੀ ਨਸੀਬ ਹੁੰਦੀ।

ਹਦੀਸ਼ ਦੇ ਕਮਰੇ ਦੇ ਨੇੜੇ ਹੀ ਰਹਿਮਾਨ ਦੀ ਫੈਕਟਰੀ ਸੀ। ਰਹਿਮਾਨ ਨੇ ਆਪਣੇ ਕੋਲ ਪੰਜ-ਛੇ ਸਿਲਾਈ ਮਸ਼ੀਨਾਂ ਲਗਾ ਰੱਖੀਆਂ ਸਨ, ਜਿਹਨਾਂ ਤੇ ਕਾਰੀਗਰ ਕੰਮ ਕਰਦੇ ਸਨ। ਇੱਥੇ ਲੈਦਰ ਦਾ ਕੰਮ ਹੁੰਦਾ ਸੀ। ਫੈਕਟਰੀ ਦੇ ਉਪਰ ਉਹ ਖੁਦ ਰਹਿੰਦਾ ਸੀ। ਹਦੀਸ਼ ਸਵੇਰੇ ਹੀ ਰਿਕਸ਼ਾ ਲੈ ਕੇ ਨਿਕਰ ਜਾਂਦਾ, ਦਿਨ ਭਰ ਸਵਾਰੀਆਂ ਢੋਣ ਤੋਂ ਬਾਅਦ ਉਹ ਦੇਰ ਰਾਤ ਥੱਕ ਕੇ ਵਾਪਸ ਮੁੜਦਾ ਸੀ।

ਇੱਧਰ, ਰੇਹਾਨਾ ਦੇ ਲਈ ਖਾਲੀ ਵਕਤ ਗੁਜ਼ਾਰਨਾ ਮੁਸ਼ਕਿਲ ਹੋ ਜਾਂਦਾ। ਜਦੋਂ ਘਰ ਦੇ ਅੰਦਰ ਉਸਦਾ ਮਨ ਨਾ ਲੱਗਦਾ ਤਾਂ ਉਹ ਦਰਵਾਜ਼ੇ 'ਤੇ ਖੜ੍ਹੀ ਹੋ ਕੇ ਆਉਂਦੇ-ਜਾਂਦੇ ਲੋਕਾਂ ਨੂੰ ਦੇਖਣ ਲੱਗਦੀ। ਰਹਿਮਾਨ ਦੀ ਨਜ਼ਰ ਹੁਣ ਰੇਹਾਨਾ ਦੇ ਸੁੰਦਰ ਚਿਹਰੇ 'ਤੇ ਪੈਂਦੀ ਤਾਂ ਮਨ ਰੇਹਾਨਾ ਨੂੰ ਪ੍ਰਾਪਤ ਕਰਨ ਲਈ ਮਚਲ ਜਾਂਦਾ।

ਰਹਿਮਾਨ ਵੈਸੇ ਤਾਂ ਬਾਲ-ਬੱਚੇਦਾਰ ਸੀ ਪਰ ਇੱਥੇ ਉਹ ਇਕੱਲਾ ਹੀ ਰਹਿੰਦਾ ਸੀ। ਉਸਦੀ ਪਤਨੀ ਮੁੰਨੀ ਬੱਚਿਆਂ ਨਾਲ ਬਿਜਨੌਰ ਵਿਚ ਰਹਿੰਦੀ ਸੀ। ਇਸ ਕਰਕੇ ਉਹ ਘਰ ਛੱਡ ਕੇ ਦਿੱਲੀ ਆ ਗਿਆ ਸੀ। ਰਹਿਮਾਨ ਅੱਠ ਬੱਚਿਆਂ ਦਾ ਬਾਪ ਸੀ- ਪੰਜ ਬੇਟੀਆਂ ਅਤੇ ਤਿੰਨ ਬੇਟੇ।

ਇੱਥੇ ਰਹਿਮਾਨ ਪਰਿਵਾਰਕ ਉਲਝਣਾਂ ਤੋਂ ਬੇਫਿਕਰ ਕਿਸੇ ਕੁਆਰੇ ਲੜਕੇ ਵਾਂਗ ਰਹਿੰਦਾ ਸੀ। ਔਰਤ ਦੀ ਕਮੀ ਮਹਿਸੂਸ ਹੋਣ ਤੇ ਉਹ ਅਯਾਸ਼ੀ ਦੇ ਲਈ ਬਾਜ਼ਾਰੂ ਔਰਤਾਂ ਕੋਲ ਚਲਾ ਜਾਂਦਾ ਜਾਂ ਉਹਨਾਂ ਨੂੰ ਬੁਲਾ ਲੈਂਦਾ। ਪਰ ਜਦੋਂ ਤੋਂ ਉਸਨੇ ਰੇਹਾਨਾ ਨੂੰ ਦੇਖਿਆ ਸੀ, ਸਭ ਕੁਝ ਭੁੱਲ ਗਿਆ ਸੀ।

ਰਹਿਮਾਨ ਜਾਣਦਾ ਸੀ ਕਿ ਰੇਹਾਨਾ ਦਾ ਪਤੀ ਉਸਨੂੰ ਕੋਈ ਸੁਖ ਨਹੀਂ ਦੇ ਪਾਉਂਦਾ, ਇਸ ਕਰਕੇ ਉਹ ਉਸਦੇ ਜਾਲ ਵਿਚ ਫਸ ਸਕਦੀ ਹੈ। ਇਸੇ ਆਸ ਵਿਚ ਉਹ ਇਕ ਦਿਨ ਆਪਦੇ ਦਰਵਾਜ਼ੇ 'ਤੇ ਖੜ੍ਹੀ ਰੇਹਾਨਾ ਨੂੰ ਦੇਖ ਕੇ ਮੁਸਕਰਾਇਆ ਤਾਂ ਜਵਾਬ ਵਿਚ ਰੇਹਾਨਾ ਵੀ ਮੁਸਕਰਾਈ।

ਰੇਹਾਨਾ ਦੇ ਇਸ ਇਸ਼ਾਰੇ ਨਾਲ ਰਹਿਮਾਨ ਖਿੜ ਗਿਆ। ਸ਼ਿਕਾਰ ਜਾਲ ਵਿਚ ਫਸਣ ਲਈ ਖੁਦ ਹੀ ਤਿਆਰ ਹੈ। ਇਸੇ ਵਕਤ ਰਹਿਮਾਨ ਨੇ ਫੈਸਲਾ ਕੀਤਾ ਕਿ ਉਹ ਰੇਹਾਨਾ ਨੂੰ ਆਪਣੀ ਬਣਾ ਕੇ ਰਹੇਗਾ। ਰਹਿਮਾਨ ਨੇ ਜਲਦੀ ਹੀ ਮੇਲ-ਮਿਲਾਪ ਵਧਾ ਕ ਹਦੀਸ਼ ਨਾਲ ਦੋਸਤੀ ਕਰ ਲਈ। ਫਿਰ ਰਹਿਮਾਨ ਨੇ ਉਸਦੇ ਘਰ ਵਿਚ ਆਉਣਾ-ਜਾਣਾ ਸ਼ੁਰੂ ਕਰ ਦਿੱਤਾ। ਹਦੀਸ਼ ਦੇ ਰਿਕਸ਼ਾ ਲੈ ਕੇ ਘਰ ਤੋਂ ਨਿਕਲਣ ਦੇ ਬਾਅਦ ਰਹਿਮਾਨ ਦਾ ਜ਼ਿਆਦਾਤਰ ਸਮਾਂ ਰੇਹਾਨਾ ਦੇ ਕਮਰੇ ਵਿਚ ਲੰਘਦਾ। ਰਹਿਮਾਨ ਹੁਣ ਖਜਾਨਾ ਵੀ ਰੇਹਾਨਾ ਦੇ ਘਰ ਹੀ ਖਾ ਲੈਂਦਾ। ਬਦਲੇ ਵਿਚ ਰੇਹਾਨਾ ਨੂੰ ਉਹ ਜ਼ਰੂਰਤ ਤੋਂ ਜ਼ਿਆਦ ਪੈਸੇ ਦਿੰਦਾ ਸੀ। ਇਸ ਤੋਂ ਇਲਾਵਾ ਉਹ ਰੇਹਾਨਾ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣ ਲੱਗਿਆ। ਰਹਿਮਾਨ ਨਾਲ ਯਾਰੀ ਹੋਣ ਤੋਂ ਬਾਅਦ ਰੇਹਾਨਾ ਦੀਆਂ ਸਾਰੀਆਂ ਜ਼ਰੂਰਤਾਂ ਖੁਦ ਹੀ

ਮਜੀਠੀਆ 'ਤੇ ਲਾਏ ਦੋਸ਼ ਝੂਠੇ ਹਨ: ਡੇਰਾ ਬਿਆਸ ਮੁਖੀ

ਨਾਭਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਬਿਕਰਮ ਮਜੀਠੀਆ ਨੂੰ ਮਿਲਣ ਨਾਭਾ ਜੇਲ੍ਹ ਪਹੁੰਚੇ। ਇਸ ਤੋਂ ਪਹਿਲਾਂ ਉਹ ਮਹਾਰਾਜਾ ਰਿਪੁਦਮਨ ਸਿੰਘ ਦੇ ਵਾਰਸਾਂ ਦੇ ਪਰਿਵਾਰਕ ਸਮਾਗਮ ਵਿੱਚ ਵੀ ਸ਼ਾਮਲ ਹੋਏ। ਨਾਭਾ ਜੇਲ੍ਹ ਦੇ ਬਾਹਰ ਡੇਰਾ ਬਿਆਸ ਸ਼ਰਧਾਲੂ ਵੱਡੀ ਗਿਣਤੀ ਵਿਚ ਇਕੱਠੇ ਹੋਏ।

ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਮਜੀਠੀਆ ਨਾਲ ਲਗਪਗ ਅੱਧਾ ਘੰਟਾ ਮੁਲਾਕਾਤ ਕੀਤੀ ਜਿਸ ਮਗਰੋਂ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਜੀਠੀਆ ਉੱਪਰ ਲੱਗੇ ਸਾਰੇ ਇਲਜ਼ਾਮ ਝੂਠੇ ਹਨ। ਹਾਲਾਂਕਿ ਉਨ੍ਹਾਂ ਨੇ ਮਜੀਠੀਆ ਉੱਪਰ ਕੇਸਾਂ ਬਾਰੇ ਕੋਈ ਹੋਰ ਟਿੱਪਣੀ ਕਰਨ ਤੋਂ ਇਨਕਾਰ ਕੀਤਾ। ਡੇਰਾ ਬਿਆਸ ਮੁਖੀ ਨਾਭਾ ਜੇਲ੍ਹ ਵਿੱਚ ਮਜੀਠੀਆ ਨਾਲ ਮੁਲਾਕਾਤ ਕਰਨ ਦੂਜੀ ਵਾਰ ਆਏ ਹਨ। ਉਨ੍ਹਾਂ ਕਿਹਾ ਕਿ ਬਿਕਰਮ ਮਜੀਠੀਆ ਉਨ੍ਹਾਂ ਦੇ ਸ਼ਿਸ਼ਤੇਦਾਰ ਹਨ ਜਿਸ ਕਾਰਨ ਉਹ ਉਨ੍ਹਾਂ ਨੂੰ ਮਿਲਣ ਮੁੜ ਆਏ ਹਨ।

ਜੇਲ੍ਹ ਪਹੁੰਚਣ ਤੋਂ ਪਹਿਲਾਂ ਡੇਰਾ ਮੁਖੀ ਮਹਾਰਾਜਾ ਰਿਪੁਦਮਨ ਸਿੰਘ ਦੇ ਵਾਰਸਾਂ ਦੇ ਘਰੇਲੂ ਸਮਾਗਮ ਵਿੱਚ ਵੀ ਸ਼ਾਮਲ ਹੋਏ, ਜਿੱਥੇ ਅੱਜ ਸਪੀਕਰ ਕੁਲਤਾਰ ਸਿੰਘ ਸੰਧਵਾਂ ਸਮੇਤ ਪੰਜਾਬ ਦੇ ਵੱਖ ਵੱਖ ਸਿਆਸੀ ਤੇ ਧਾਰਮਿਕ ਆਗੂ ਪਹੁੰਚੇ।

ਗੋਲਡੀ ਬਰਾੜ ਦੇ ਪਿਤਾ ਨੂੰ ਬਠਿੰਡਾ ਦੇ ਹਸਪਤਾਲ ਭੇਜਿਆ

ਮੁਕਤਸਰ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਗੈਂਗਸਟਰ ਗੋਲਡੀ ਬਰਾੜ ਦੇ ਪਿਤਾ ਨੂੰ ਐਤਵਾਰ ਨੂੰ ਬਠਿੰਡਾ ਦੇ ਇੱਕ ਹਸਪਤਾਲ ਵਿੱਚ ਤਬਦੀਲ ਕੀਤਾ ਗਿਆ। ਸ਼ਮਸ਼ੇਰ ਸਿੰਘ ਅਤੇ ਉਸ ਦੀ ਪਤਨੀ ਪ੍ਰਿਤਪਾਲ ਕੌਰ ਨੂੰ ਬੀਤੇ ਸੋਮਵਾਰ ਨੂੰ ਅੰਮ੍ਰਿਤਸਰ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਗ੍ਰਿਫ਼ਤਾਰੀ ਉਨ੍ਹਾਂ ਖ਼ਿਲਾਫ਼ ਮੁਕਤਸਰ ਵਿੱਚ 2024 ਵਿਚ ਦਰਜ ਫਿਰੌਤੀ ਦੇ ਮਾਮਲੇ ਵਿੱਚ ਕੀਤੀ ਗਈ ਸੀ ਅਤੇ ਚਾਰ ਦਿਨਾਂ ਦਾ ਪੁਲੀਸ ਰਿਮਾਂਡ ਖਤਮ ਹੋਣ ਤੋਂ ਬਾਅਦ ਸ਼ੁੱਕਰਵਾਰ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ।

ਸ਼ਮਸ਼ੇਰ ਨੂੰ ਕਪੂਰਥਲਾ ਦੀ ਜੇਲ੍ਹ ਵਿੱਚ ਤਬਦੀਲ ਕੀਤਾ ਜਾਣਾ ਸੀ ਪਰ ਇਸ ਦੌਰਾਨ ਗੋਲਡੀ ਦੇ ਪਿਤਾ ਦੀ ਸਿਹਤ ਵਿਗੜ ਗਈ। ਉਸ ਨੂੰ ਪਹਿਲਾਂ ਫਰੀਦਕੋਟ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਲਿਜਾਇਆ ਗਿਆ ਜਿੱਥੋਂ ਅੱਜ ਉਸ ਨੂੰ ਬਠਿੰਡਾ ਦੇ ਇੱਕ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਸ਼ਮਸ਼ੇਰ ਪਹਿਲਾਂ ਪੁਲੀਸ ਵਿੱਚ ਸਹਾਇਕ ਸਬ-ਇੰਸਪੈਕਟਰ ਸੀ ਪਰ 2021 ਵਿੱਚ ਉਸ ਨੂੰ ਲਾਜ਼ਮੀ ਸੇਵਾਮੁਕਤੀ ਦੇ ਦਿੱਤੀ ਗਈ ਸੀ।

ਗੋਲਡੀ ਬਰਾੜ ਦੇ ਮਾਪਿਆਂ ਨੂੰ ਮੁਕਤਸਰ ਜ਼ਿਲ੍ਹਾ ਪੁਲੀਸ ਨੇ ਜਬਰਨ ਵਸੂਲੀ ਦੇ ਇੱਕ 2024 ਦੇ ਮਾਮਲੇ ਵਿੱਚ ਗ੍ਰਿ਼ਫਤਾਰ ਕੀਤਾ ਸੀ। ਇਹ ਗ੍ਰਿ਼ਫਤਾਰੀਆਂ ਸੂਬਾ ਪੁਲੀਸ ਵੱਲੋਂ ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕਾਂ ਵਿਰੁੱਧ ਤੇਜ਼ ਕੀਤੀ ਗਈ ਕਾਰਵਾਈ ਦੌਰਾਨ ਹੋਈਆਂ।

ਸਦਰ ਮੁਕਤਸਰ ਪੁਲੀਸ ਸਟੇਸ਼ਨ ਦੇ ਐੱਸਐੱਚਓ ਸਬ-ਇੰਸਪੈਕਟਰ ਦਰਸ਼ਨ ਸਿੰਘ ਨੇ ਦੱਸਿਆ ਕਿ ਗੋਲਡੀ ਬਰਾੜ ਦੇ ਪਿਤਾ ਅਤੇ ਮਾਤਾ ਨੂੰ ਅੰਮ੍ਰਿਤਸਰ ਤੋਂ ਉਦੇਕਰਨ ਪਿੰਡ ਦੇ ਇੱਕ ਵਸਨੀਕ ਦੇ ਬਿਆਨਾਂ 'ਤੇ ਦਰਜ ਜਬਰਨ ਵਸੂਲੀ ਦੇ ਮਾਮਲੇ ਵਿੱਚ ਗ੍ਰਿ਼ਫਤਾਰ ਕੀਤਾ ਗਿਆ। ਜ਼ਿਕਰਯੋਗ ਹੈ ਕਿ ਗੋਲਡੀ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰੀਤਪਾਲ ਕੌਰ ਇੱਥੇ ਕੋਟਕਪੂਰਾ ਰੋਡ ਸਥਿਤ ਆਦੇਸ਼ ਨਗਰ ਦੇ ਰਹਿਣ ਵਾਲੇ ਹਨ ਅਤੇ ਇਹ ਪਰਿਵਾਰ ਅਸਲ ਵਿੱਚ ਫ਼ਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਹੈ। ਪੁਲੀਸ ਵਿੱਚ ਸਾਬਕਾ ਸਹਾਇਕ ਸਬ-ਇੰਸਪੈਕਟਰ (ਏਐਸਆਈ) ਰਹੇ ਸ਼ਮਸ਼ੇਰ ਸਿੰਘ ਨੂੰ ਮੁਕਤਸਰ ਜ਼ਿਲ੍ਹੇ ਵਿੱਚ ਇੱਕ ਕਤਲ ਦੇ ਕੇਸ ਵਿੱਚ ਕਥਿਤ ਸ਼ਮੂਲੀਅਤ ਸਾਹਮਣੇ ਆਉਣ ਤੋਂ ਬਾਅਦ 2021 ਵਿੱਚ ਸੇਵਾਮੁਕਤ ਕਰ ਦਿੱਤਾ ਗਿਆ ਸੀ।

ਖ਼ਾਲਸਾ ਕਾਲਜ (ਲੜਕੀਆਂ) ਦੇ ਵਿਦਿਆਰਥੀਆਂ ਵੱਲੋਂ ਵਿਸ਼ਵ ਵੈੱਟਲੈਂਡ ਦਿਵਸ ਮੌਕੇ ਹਰੀਕੇ ਪੱਤਣ ਦਾ ਵਿਦਿਅਕ ਦੌਰਾ

ਲੁਧਿਆਣਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਖ਼ਾਲਸਾ ਕਾਲਜ (ਲੜਕੀਆਂ), ਸਿਵਲ ਲਾਈਨਜ਼, ਲੁਧਿਆਣਾ ਦੇ ਰਸਾਇਣ ਵਿਗਿਆਨ ਅਤੇ ਭੂਗੋਲ ਵਿਭਾਗ ਦੇ ਵਿਦਿਆਰਥੀਆਂ ਨੇ ਵਿਸ਼ਵ ਵੈੱਟਲੈਂਡ ਦਿਵਸ ਮੌਕੇ ਹਰੀਕੇ ਪੱਤਣ ਵੈੱਟਲੈਂਡਜ਼ ਅਤੇ ਪੰਛੀ ਸੈਂਚੁਰੀ ਦਾ ਵਿਦਿਅਕ ਦੌਰਾ ਕੀਤਾ।

ਇਹ ਦੌਰਾ SOCH ਫਾਊਂਡੇਸ਼ਨ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ।

ਦੌਰੇ ਦੌਰਾਨ ਵਿਦਿਆਰਥੀਆਂ ਨੂੰ ਵੈੱਟਲੈਂਡਜ਼ ਦੀ ਵਾਤਾਵਰਣਕ ਮਹੱਤਤਾ, ਪਾਣੀ ਦੀ ਸੰਭਾਲ, ਹੜ੍ਹ ਨਿਯੰਤਰਣ, ਭੂਮੀਗਤ ਪਾਣੀ ਰੀਚਾਰਜ ਅਤੇ ਪ੍ਰਵਾਸੀ/ਨਿਵਾਸੀ ਪੰਛੀਆਂ ਲਈ ਨਿਵਾਸ ਸਥਾਨਾਂ ਬਾਰੇ ਜਾਣਕਾਰੀ ਦਿੱਤੀ ਗਈ। ਗਾਈਡਡ ਟੂਰ ਅਤੇ ਇੰਟਰਐਕਟਿਵ ਸੈਸ਼ਨਾਂ ਰਾਹੀਂ ਜੈਵ ਵਿਭਿੰਨਤਾ, ਜਲਵਾਯੂ ਪਰਿਵਰਤਨ ਦੇ ਪ੍ਰਭਾਵ ਅਤੇ ਸੰਭਾਲ ਦੀਆਂ ਚੁਣੌਤੀਆਂ 'ਤੇ ਚਰਚਾ ਕੀਤੀ ਗਈ।

ਕਾਲਜ ਦੀ ਪ੍ਰਿੰਸੀਪਲ ਡਾ. ਕਮਲਜੀਤ ਗਰੇਵਾਲ ਨੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਅਜਿਹੇ ਵਿਦਿਅਕ ਦੌਰਿਆਂ ਵਿੱਚ ਸਰਗਰਮ ਭਾਗੀਦਾਰੀ ਲਈ ਪ੍ਰੇਰਿਤ ਕੀਤਾ।

ਬਜਟ ਭਾਰਤ ਨੂੰ ਮਜਬੂਤੀ ਵੱਲ ਲਿਜਾਣ ਵਾਲਾ, ਆਦਮਪੁਰ ਹਵਾਈ ਅੱਡੇ ਦਾ ਨਾਂ ਗੁਰੂ ਰਵਿਦਾਸ ਜੀ ਦੇ ਨਾਂ ਤੇ ਰੱਖਣ ਲਈ ਮੋਦੀ ਜੀ ਦਾ ਧੰਨਵਾਦ -ਸੰਜੀਵ ਲੀਹਲ/ਸੁੱਖੀ ਸ਼ਰਮਾ

ਮਾਛੀਵਾੜਾ ਸਾਹਿਬ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰੀ ਕੈਬਨਟ ਵੱਲੋਂ ਕੇਂਦਰੀ ਬੱਸ 202627 ਨੂੰ ਮਨਜ਼ੂਰੀ ਮਿਲਣ ਉਪਰੰਤ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪੇਸ਼ ਕੀਤਾ। ਇਸ ਬਜਟ ਨੂੰ ਭਾਰਤ ਲਈ ਮਜਬੂਤ ਅਤੇ ਹਰ ਵਰਗ ਲਈ ਲਾਹੇਬੰਦ ਕਰਾਰ ਦਿੰਦਿਆਂ ਮਾਛੀਵਾੜਾ ਸਾਹਿਬ ਤੋਂ ਸੀਨੀਅਰ ਭਾਜਪਾ ਆਗੂ ਸੰਜੀਵ ਲੀਹਲ ਅਤੇ ਮੰਡਲ ਪ੍ਰਧਾਨ ਸੁਖਵਿੰਦਰ ਸੁੱਖੀ ਸ਼ਰਮਾ ਨੇ ਕਿਹਾ ਕਿ ਸਰਕਾਰ ਵੱਲੋਂ ਕੋਈ ਵੀ ਨਵਾਂ ਟੈਕਸ ਨਾ ਲਾਉਂਦਿਆਂ ਜਨਤਾ ਨੂੰ ਰਾਹਤ ਦਿੱਤੀ ਗਈ ਹੈ, ਕਿਉਂਕਿ ਕਰੀਬ ਡੇਢ ਅਰਬ ਭਾਰਤੀਆਂ ਦੀਆਂ ਇਛਾਵਾਂ ਨੂੰ ਇਸ ਵਿੱਚ ਦਰਸਾਇਆ ਗਿਆ ਹੈ। ਉਹਨਾਂ ਕਿਹਾ ਕਿ ਇਹ ਬਜਟ ਭਾਰਤ ਦੇਸ਼ ਦੀ ਮਹਿਲਾ ਸ਼ਕਤੀ ਨੂੰ ਵੀ ਦਰਸਾਉਂਦਾ ਹੈ ਤੇ ਉਸਦੀ ਮਜਬੂਤ ਮੌਜੂਦਗੀ ਦਾ ਪ੍ਰਤੱਖ ਰੂਪ ਪੇਸ਼ ਕਰਦਾ ਹੈ।

ਡੇਰਾ ਸੱਚਖੰਡ ਬੱਲਾਂ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਉਣ ਨੂੰ ਉਹਨਾਂ ਆਉਣ ਵਾਲੇ ਸਮੇਂ ਲਈ ਪੰਜਾਬ ਵਾਸਤੇ ਸ਼ੁਭ ਸੰਕੇਤ ਦੱਸਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਖੁਦ ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਦੇ ਹਨ, ਇਸ ਲਈ ਉਹ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਅਤੇ ਮਾਘ ਪੂਰਨਿਮਾ ਦੇ ਮੁੱਖ ਅਵਸਰ ਤੇ ਖੁਦ ਆਸ਼ੀਰਵਾਦ ਲੈਣ ਲਈ ਡੇਰਾ ਸੱਚਖੰਡ ਬੱਲਾ ਵਿਖੇ ਨਤਮਸਤਕ ਹੋਏ ਹਨ।

ਉਹਨਾਂ ਪੰਜਾਬ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ ਹੈ ਤੇ ਇਸ ਮੌਕੇ ਆਦਮਪੁਰ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਰੱਖਿਆ ਗਿਆ ਹੈ ਜਿਸ ਲਈ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਧੰਨਵਾਦ ਪ੍ਰਗਟ ਕਰਦੇ ਹਨ ਅਤੇ ਸਮੁੱਚੇ ਪੰਜਾਬ ਵਾਸੀਆਂ ਨੂੰ ਇਸ ਗੱਲ ਦੀ ਵਧਾਈ ਦਿੰਦੇ ਹਨ।

ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਹਲਵਾਰਾ ਹਵਾਈ ਅੱਡੇ ਦੇ ਨਵੇਂ ਟਰਮੀਨਲ ਦਾ ਵੀ ਵਰਚੂਅਲੀ ਉਦਘਾਟਨ ਕੀਤਾ ਜਾਣਾ ਪੰਜਾਬ ਦੇ ਵਿਕਾਸ ਵਿੱਚ ਅਹਿਮ ਸਾਬਤ ਹੋਵੇਗਾ। ਉਹਨਾਂ ਇਸ ਗੱਲ ਤੇ ਵੀ ਖੁਸ਼ੀ ਪ੍ਰਗਟ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਚੱਲ ਰਹੀ ਕੇਂਦਰ ਦੀ ਸਰਕਾਰ ਦੀ ਨੀਤੀਆਂ ਤੋਂ ਪੰਜਾਬ ਦੇ ਲੋਕ ਖੁਸ਼ ਹਨ ਅਤੇ ਦਿਨ ਪ੍ਰਤੀ ਦਿਨ ਪੰਜਾਬ ਵਿੱਚ ਭਾਜਪਾ ਦਾ ਗਰਾਫ ਉੱਚਾ ਹੁੰਦਾ ਜਾ ਰਿਹਾ ਹੈ, ਅਤੇ 2027 ਦੀਆਂ ਚੋਣਾਂ ਵਿੱਚ ਭਾਜਪਾ ਵੱਡੇ ਬਹੁਮਤ ਨਾਲ ਜਿੱਤ ਕੇ ਪੰਜਾਬ ਵਿੱਚ ਆਪਣੀ ਸਰਕਾਰ ਬਣਾਏਗੀ।

ਦਾਮਨ ਬਾਜਵਾ ਨੇ ਕੇਂਦਰੀ ਮੰਤਰੀ ਸ਼ੇਖਾਵਤ ਨਾਲ ਅਹਿਮ ਮੁੱਦਿਆਂ 'ਤੇ ਕੀਤੀ ਮੁਲਾਕਾਤ

ਸੁਨਾਮ ਊਧਮ ਸਿੰਘ ਵਾਲਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਜ਼ਿਲ੍ਹਾ ਸੰਗਰੂਰ ਦੀ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਦਿੱਲੀ ਵਿਖੇ ਕੇਂਦਰੀ ਮੰਤਰੀ ਟੂਰਿਜ਼ਮ ਅਤੇ ਕਲਚਰ ਗਜੇਂਦਰ ਸਿੰਘ ਸ਼ੇਖਾਵਤ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਵਿਧਾਨ ਸਭਾ ਹਲਕਾ ਸੁਨਾਮ ਅਤੇ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਅਹਿਮ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ।

ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਮੁਲਾਕਾਤ ਦੌਰਾਨ ਹਲਕਾ ਸੁਨਾਮ ਅਤੇ ਜ਼ਿਲ੍ਹਾ ਸੰਗਰੂਰ ਵਿੱਚ ਟੂਰਿਜ਼ਮ ਦੀਆਂ ਸੰਭਾਵਨਾਵਾਂ, ਇਤਿਹਾਸਕ ਅਤੇ ਧਾਰਮਿਕ ਵਿਰਾਸਤ ਦੇ ਸਰੰਖਣ, ਸੱਭਿਆਚਾਰਕ ਵਿਕਾਸ ਅਤੇ ਕੇਂਦਰ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤੀ ਨਾਲ ਲਾਗੂ ਕਰਨ ਸਬੰਧੀ ਗੰਭੀਰ ਚਰਚਾ ਕੀਤੀ ਗਈ।

ਇਸ ਮੌਕੇ ਦਾਮਨ ਬਾਜਵਾ ਨੇ ਦੱਸਿਆ ਕਿ ਸੁਨਾਮ ਊਧਮ ਸਿੰਘ ਵਾਲਾ ਦੇ ਨਾਲ ਸਬੰਧਿਤ ਜੋ ਮੁੱਦੇ ਪਹਿਲਾਂ ਵੀ ਮੰਤਰੀ ਜੀ ਦੇ ਧਿਆਨ ਵਿੱਚ ਹਨ, ਉਸ ਬਾਰੇ ਵੀ ਵਿਸਥਾਰਪੂਰਵਕ ਗੱਲਬਾਤ ਕੀਤੀ ਗਈ।

ਬਾਜਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿੱਚ ਟੂਰਿਜ਼ਮ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਬੇਮਿਸਾਲ ਕੰਮ ਕੀਤਾ ਜਾ ਰਿਹਾ ਹੈ, ਜਿਸਦਾ ਲਾਭ ਪੰਜਾਬ ਨੂੰ ਵੀ ਮਿਲ ਰਿਹਾ ਹੈ।

ਉਨ੍ਹਾਂ ਨੇ ਆਸ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਸੁਨਾਮ ਅਤੇ ਜ਼ਿਲ੍ਹਾ ਸੰਗਰੂਰ ਨੂੰ ਵੀ ਟੂਰਿਜ਼ਮ ਅਤੇ ਵਿਰਾਸਤੀ ਵਿਕਾਸ ਦੇ ਹੋਰ ਨਵੇਂ ਪ੍ਰੋਜੈਕਟਾਂ ਨਾਲ ਜੋੜਿਆ ਜਾਵੇਗਾ। ਇਸ ਮੌਕੇ ਦਾਮਨ ਬਾਜਵਾ ਨੇ ਕਿਹਾ ਕਿ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਬੜੀ ਗੰਭੀਰਤਾ ਨਾਲ ਸਾਰੇ ਮੁੱਦਿਆਂ ਨੂੰ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਸੁਨਾਮ ਅਤੇ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਿਤ ਮੰਗਾਂ ਅਤੇ ਸੁਝਾਵਾਂ 'ਤੇ ਯੋਗ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਸਦਾ ਹੀ ਲੋਕਾਂ ਦੇ ਹੱਕਾਂ ਅਤੇ ਵਿਕਾਸ ਲਈ ਵਚਨਬਧ ਰਹੀ ਹੈ ਅਤੇ ਅੱਗੇ ਵੀ ਕੇਂਦਰ ਅਤੇ ਰਾਜ ਦੇ ਮਸਲਿਆਂ ਨੂੰ ਉਚਿਤ ਮੰਚਾਂ 'ਤੇ ਉਠਾਉਂਦੀ ਰਹੇਗੀ।

ਅਭੀਉਦੇਪ੍ਰਤਾਪ ਸਿੰਘ ਨਾਭਾ ਦੇ ਦਸਤਾਰਬੰਦੀ ਸਮਰੋਹ 'ਚ ਸ਼ਿਰਕਤ

ਨਾਭਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਹੀਰਾ ਮਹਿਲ ਵਿਖੇ ਰਿਆਸਤ-ਏ-ਨਾਭਾ ਦੇ ਮਹਾਰਾਜਾ ਹੀਰਾ ਸਿੰਘ ਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ ਭਾਨੂੰਪ੍ਰਤਾਪ ਸਿੰਘ ਤੇ ਰਾਣੀ ਪ੍ਰੀਤੀ ਸਿੰਘ ਨਾਭਾ ਦੇ ਪੁੱਤਰ ਕੰਵਰ ਅਭੀਉਦੇਪ੍ਰਤਾਪ ਸਿੰਘ ਦੀ ਦਸਤਾਰ ਬੰਦੀ ਦੀ ਰਸਮ ਦੇ ਸਮਾਰੋਹ ਮੌਕੇ ਸ਼ਿਰਕਤ ਕੀਤੀ।ਇੱਥੇ ਗੁਰਦੁਆਰਾ ਦਰਬਾਰ ਸਿਰੋਪਾਓ ਸਾਹਿਬ ਵਿਖੇ ਭਾਈ ਰਾਜਾ ਸਿੰਘ ਕਾਲਝਰਾਨੀ ਨੇ 48 ਘੰਟਿਆਂ ਦੇ ਇੱਕ ਚੌਕੜੇ ਵਿੱਚ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕੀਤਾ, ਜਿਸ ਦੀ ਸਮਾਪਤੀ ਦੀ ਅਰਦਾਸ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਕੀਤੀ ਅਤੇ ਦਸਤਾਰਬੰਦੀ ਦੀ ਰਸਮ ਨਿਭਾਈ ਗਈ।ਸਮਾਰੋਹ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਪਰਿਵਾਰ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕੁੰਵਰ ਅਭੀਉਦੇਪ੍ਰਤਾਪ ਸਿੰਘ ਅਤੇ ਸਮੁੱਚੇ ਪਰਿਵਾਰ ਨੂੰ ਦਸਤਾਰ ਬੰਦੀ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਰੱਖਦਿਆਂ ਪੁਰਾਤਨ ਰਵਾਇਤਾਂ ਨੂੰ ਨਿਭਾਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ।

ਐੱਸ.ਆਈ.ਆਰ: ਬੀ.ਐੱਲ.ਓਜ਼. ਨੂੰ ਗਲਤੀਆਂ ਦੂਰ ਕਰਨ ਦੇ ਨਿਰਦੇਸ਼

ਨਾਭਾ, 4 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੇ ਐੱਸ ਆਈ ਆਰ ਲਈ ਮੁੱਢਲੀ ਪ੍ਰਕਿਰਿਆ ਮਗਰੋਂ ਬੀ.ਐੱਲ.ਓਜ਼. ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਵੋਟਰ ਸੂਚੀ ਵਿੱਚ ਗੈਰ-ਮਨੁੱਖੀ ਤਸਵੀਰਾਂ ਨਾ ਹੋਣ, ਇਸ ਨੂੰ ਚੈਕ ਕੀਤਾ ਜਾਵ

ਮਣੀਪੁਰ 'ਚ ਇਕ ਸਾਲ ਬਾਅਦ ਰਾਸ਼ਟਰਪਤੀ ਸ਼ਾਸਨ ਦਾ ਅੰਤ, ਵਾਈ. ਖੇਮਚੰਦ ਸਿੰਘ ਲੈਣਗੇ CM ਵਜੋਂ ਸਹੁੰ

ਇੰਫਾਲ, 4 ਫਰਵਰੀ : ਹਿੰਸਾ ਪ੍ਰਭਾਵਿਤ ਮਣੀਪੁਰ ਵਿੱਚ ਲਗਭਗ ਇੱਕ ਸਾਲ ਦੇ ਲੰਬੇ ਵਕਫ਼ੇ ਤੋਂ ਬਾਅਦ ਰਾਸ਼ਟਰਪਤੀ ਸ਼ਾਸਨ ਹਟਾ ਦਿੱਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਤੋਂ ਬਾਅਦ ਰਾਜ ਵਿੱਚ ਮੁੜ ਚੁਣੀ ਹੋਈ ਸਰਕਾਰ ਦੇ ਗਠਨ ਦਾ ਰਸਤਾ ਸਾਫ਼ ਹੋ ਗਿਆ ਹੈ। ਐੱਨ.ਡੀ.ਏ. (NDA) ਵਿਧਾਇਕ ਦਲ ਦੇ ਨੇਤਾ ਵਾਈ. ਖੇਮਚੰਦ ਸਿੰਘ ਅੱਜ ਮਣੀਪੁਰ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਸਹੁੰ ਚੁੱਕ ਸਮਾਗਮ ਇੰਫਾਲ ਦੇ ਲੋਕ ਭਵਨ ਵਿੱਚ ਅੱਜ ਸ਼ਾਮ 6 ਵਜੇ ਹੋਵੇਗਾ। ਖੇਮਚੰਦ ਸਿੰਘ ਦੇ ਨਾਲ ਕੁਕੀ ਨੇਤਾ ਨੇਮਚਾ ਕਿਪਗੇਨ ਨੂੰ ਡਿਪਟੀ ਸੀ.ਐੱਮ. ਬਣਾਇਆ ਜਾ ਸਕਦਾ ਹੈ। ਮੁੱਖ ਮੰਤਰੀ ਸਮੇਤ ਕੁੱਲ ਪੰਜ ਵਿਧਾਇਕ ਅੱਜ ਮੰਤਰੀ ਅਹੁਦੇ ਦੀ ਸਹੁੰ ਚੁੱਕ ਸਕਦੇ ਹਨ। ਵਾਈ. ਖੇਮਚੰਦ ਸਿੰਘ ਦੀ ਅਗਵਾਈ ਹੇਠ ਐੱਨ.ਡੀ.ਏ. ਦੇ ਇੱਕ ਵਫ਼ਦ ਨੇ ਰਾਜਪਾਲ ਅਜੇ ਕੁਮਾਰ ਭੱਲਾ ਨਾਲ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਰਸਮੀ ਦਾਅਵਾ ਪੇਸ਼ ਕੀਤਾ। ਇਸ ਵਫ਼ਦ ਵਿੱਚ ਚੂਰਾਚਾਂਦਪੁਰ ਅਤੇ ਫੇਰਜ਼ਾਵਲ ਵਰਗੇ ਕੁਕੀ-ਜੋ ਬਹੁਲਤਾ ਵਾਲੇ ਜ਼ਿਲ੍ਹਿਆਂ ਦੇ ਦੋ ਵਿਧਾਇਕ ਵੀ ਸ਼ਾਮਲ ਸਨ, ਜਿਸ ਨੂੰ ਰਾਜ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਮਣੀਪੁਰ ਵਿੱਚ ਫਰਵਰੀ 2025 ਤੋਂ ਰਾਸ਼ਟਰਪਤੀ ਸ਼ਾਸਨ ਲਾਗੂ ਸੀ। ਜ਼ਿਕਰਯੋਗ ਹੈ ਕਿ ਮਈ 2023 ਵਿੱਚ ਮੈਤੇਈ ਅਤੇ ਕੁਕੀ ਭਾਈਚਾਰਿਆਂ ਦਰਮਿਆਨ ਭੜਕੀ ਨਸਲੀ ਹਿੰਸਾ ਨੂੰ ਰੋਕਣ ਵਿੱਚ ਨਾਕਾਮ ਰਹਿਣ ਦੇ ਦੋਸ਼ਾਂ ਦਰਮਿਆਨ ਤਤਕਾਲੀ ਮੁੱਖ ਮੰਤਰੀ ਐੱਨ. ਬੀਰੇਨ ਸਿੰਘ ਨੇ ਅਸਤੀਫਾ ਦੇ ਦਿੱਤਾ ਸੀ।

'ਬਿੱਟੂ ਨੂੰ 'ਗੱਦਾਰ' ਕਹਿਣਾ ਪੂਰੇ ਸਿੱਖ ਭਾਈਚਾਰੇ ਦਾ ਅਪਮਾਨ', ਰਾਹੁਲ ਗਾਂਧੀ ਦੀ ਟਿੱਪਣੀ 'ਤੇ ਭੜਕੇ ਆਰਪੀ ਸਿੰਘ

ਨਵੀਂ ਦਿੱਲੀ, 4 ਫਰਵਰੀ : ਭਾਰਤੀ ਜਨਤਾ ਪਾਰਟੀ (BJP) ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਿਰੁੱਧ ਕੀਤੀ ਗਈ ਟਿੱਪਣੀ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਸਿੰਘ ਨੇ ਕਿਹਾ ਕਿ ਬਿੱਟੂ ਨੂੰ ÷ਦੇਸ਼ਧ੍ਰੋਹੀ ਮਿੱਤਰ÷ ਜਾਂ ÷ਗੱਦਾਰ÷ ਕਹਿਣਾ ਸਿਆਸੀ ਮਰਯਾਦਾ ਅਤੇ ਗਰਿਮਾ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਵਾਲਾ ਬਿਆਨ ਹੈ। ਆਰ.ਪੀ. ਸਿੰਘ ਅਨੁਸਾਰ, ਰਵਨੀਤ ਬਿੱਟੂ ਵੱਲੋਂ ਕਾਂਗਰਸ ਦੀ 'ਦਿਸ਼ਾਹੀਣ ਰਾਜਨੀਤੀ' ਛੱਡ ਕੇ ਪ੍ਰਧਾਨ ਮੰਤਰੀ ਮੋਦੀ ਦੀਆਂ ਵਿਕਾਸ ਨੀਤੀਆਂ ਨਾਲ ਜੁੜਨ ਕਾਰਨ ਰਾਹੁਲ ਗਾਂਧੀ ਡੂੰਘੀ ਖਿੱਝ ਵਿੱਚ ਹਨ। ਉਹਨਾਂ ਯਾਦ ਦਿਵਾਇਆ ਕਿ ਰਵਨੀਤ ਬਿੱਟੂ ਉਸ ਪਰਿਵਾਰ ਨਾਲ ਸਬੰਧ ਰੱਖਦੇ ਹਨ, ਜਿਨ੍ਹਾਂ ਦੇ ਦਾਦਾ (ਬੇਅੰਤ ਸਿੰਘ) ਨੇ ਅੱਤਵਾਦ ਵਿਰੁੱਧ ਲੜਦਿਆਂ ਦੇਸ਼ ਲਈ ਆਪਣੀ ਜਾਨ ਕੁਰਬਾਨ ਕੀਤੀ ਸੀ। ਅਜਿਹੇ ਸਿੱਖ ਆਗੂ ਨੂੰ ਦੇਸ਼ਧ੍ਰੋਹੀ ਕਹਿਣਾ ਉਹਨਾਂ ਦੀ ਸ਼ਹਾਦਤ ਦਾ ਅਪਮਾਨ ਹੈ। ਸਿੰਘ ਨੇ ਸਪੱਸ਼ਟ ਕੀਤਾ ਕਿ ਇੱਕ ਸਤਿਕਾਰਤ ਸਿੱਖ ਆਗੂ 'ਤੇ ਗੱਦਾਰੀ ਦਾ ਦੋਸ਼ ਲਗਾਉਣਾ ਸਿਰਫ਼ ਇੱਕ ਵਿਅਕਤੀ ਦਾ ਨਹੀਂ, ਸਗੋਂ ਸਮੁੱਚੇ ਸਿੱਖ ਭਾਈਚਾਰੇ ਦਾ ਅਪਮਾਨ ਹੈ। ਆਰ.ਪੀ. ਸਿੰਘ ਨੇ ਕਿਹਾ ਕਿ ਸਿੱਖ ਧਰਮ ਹਮੇਸ਼ਾ ਮਾਤ-ਭੂਮੀ ਪ੍ਰਤੀ ਅਟੁੱਟ ਪਿਆਰ ਅਤੇ ਤਿਆਗ ਦੀ ਸਿੱਖਿਆ ਦਿੰਦਾ ਹੈ। ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਨੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ ਹਨ। ਅੱਜ ਵੀ ਸਿੱਖ ਭਾਈਚਾਰਾ ਵੱਡੀ ਗਿਣਤੀ ਵਿੱਚ ਭਾਰਤੀ ਫੌਜ ਵਿੱਚ ਸ਼ਾਮਲ ਹੋ ਕੇ ਦੇਸ਼ ਦੀ ਸੁਰੱਖਿਆ ਕਰ ਰਿਹਾ ਹੈ। ਅਜਿਹੀ ਸੂਰਬੀਰਤਾ ਵਾਲੀ ਕੌਮ ਦੇ ਕਿਸੇ ਵੀ ਮੈਂਬਰ ਨੂੰ ਦੇਸ਼ਧ੍ਰੋਹੀ ਕਹਿਣਾ ਸਿੱਖ ਪਰੰਪਰਾਵਾਂ ਦੇ ਖਿਲਾਫ ਹੈ। ਭਾਜਪਾ ਆਗੂ ਨੇ ਰਾਹੁਲ ਗਾਂਧੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਸੋਚ ਅਤੇ ਮਾਨਸਿਕਤਾ ਕਾਰਨ ਹੀ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਅਪਮਾਨ ਹੋਇਆ ਸੀ। ਉਹਨਾਂ ਮੁਤਾਬਕ ਬਿਨਾਂ ਕਿਸੇ ਠੋਸ ਆਧਾਰ ਦੇ ਲਗਾਏ ਗਏ ਇਹ ਦੋਸ਼ ਸਿੱਖਾਂ ਦੀ ਦੇਸ਼ ਭਗਤੀ ਅਤੇ ਉਹਨਾਂ ਦੇ ਯੋਗਦਾਨ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਹਨ।

"ਵਿਆਹ ਦਾ ਸਬੂਤ ਨਹੀਂ ਮੈਰਿਜ ਸਰਟੀਫਿਕੇਟ !" ਸੁਪਰੀਮ ਕੋਰਟ ਨੇ ਸੁਣਾਇਆ ਵੱਡਾ ਫ਼ੈਸਲਾ

ਨਵੀਂ ਦਿੱਲੀ, 4 ਫਰਵਰੀ : ਸੁਪਰੀਮ ਕੋਰਟ ਨੇ ਇੱਕ ਅਹਿਮ ਫੈਸਲੇ ਵਿੱਚ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਵਿਆਹ ਦੀਆਂ ਰਸਮਾਂ ਪੂਰੀ ਤਰ੍ਹਾਂ ਨਹੀਂ ਨਿਭਾਈਆਂ ਜਾਂਦੀਆਂ, ਉਦੋਂ ਤੱਕ ਸਿਰਫ਼ ਮੈਰਿਜ ਸਰਟੀਫਿਕੇਟ ਹੋਣ ਨਾਲ ਕੋਈ ਜੋੜਾ ਕਾਨੂੰਨੀ ਤੌਰ 'ਤੇ ਪਤੀ-ਪਤਨੀ ਨਹੀਂ ਬਣ ਜਾਂਦਾ। ਅਦਾਲਤ ਅਨੁਸਾਰ, ਰਸਮਾਂ ਅਤੇ ਪਰੰਪਰਾਵਾਂ ਦੇ ਬਿਨਾਂ ਰਜਿਸਟ?ਰੇਸ਼ਨ ਕਾਨੂੰਨੀ ਤੌਰ 'ਤੇ ਕੋਈ ਮਤਲਬ ਨਹੀਂ ਹੈ। ਅਦਾਲਤ ਨੇ ਕਿਹਾ ਕਿ ਹਿੰਦੂ ਮੈਰਿਜ ਐਕਟ ਦੀ ਧਾਰਾ 7 ਦੇ ਤਹਿਤ ਵਿਆਹ ਦਾ 'ਸੰਸਕਾਰ' ਹੋਣਾ ਜ਼ਰੂਰੀ ਹੈ। ਜਦੋਂ ਤੱਕ ਸੱਤ ਫੇਰੇ (ਸਪਤਪਦੀ) ਵਰਗੀਆਂ ਜ਼ਰੂਰੀ ਰਸਮਾਂ ਪਵਿੱਤਰ ਅੱਗ ਦੇ ਸਾਹਮਣੇ ਨਹੀਂ ਹੁੰਦੀਆਂ, ਵਿਆਹ ਨੂੰ 'ਸੰਪੰਨ' ਨਹੀਂ ਮੰਨਿਆ ਜਾ ਸਕਦਾ। ਕੋਰਟ ਅਨੁਸਾਰ, ਐਕਟ ਦੀ ਧਾਰਾ 8 ਦੇ ਤਹਿਤ ਵਿਆਹ ਦੀ ਰਜਿਸਟ?ਰੇਸ਼ਨ ਸਿਰਫ਼ ਇੱਕ ਸਬੂਤ ਵਜੋਂ ਕੰਮ ਕਰਦੀ ਹੈ, ਇਹ ਵਿਆਹ ਦਾ ਆਧਾਰ ਨਹੀਂ ਬਣ ਸਕਦੀ। ਜੇਕਰ ਕੋਈ ਵਿਆਹ ਰਸਮਾਂ ਅਨੁਸਾਰ ਨਹੀਂ ਹੋਇਆ, ਤਾਂ ਰਜਿਸਟ?ਰੇਸ਼ਨ ਉਸ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਨਹੀਂ ਦੇ ਸਕਦੀ। ਜਸਟਿਸ ਬੀ.ਵੀ. ਨਾਗਰਥਨਾ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕਿਹਾ ਕਿ ਹਿੰਦੂ ਵਿਆਹ ਕੋਈ ਵਪਾਰਕ ਸਮਝੌਤਾ ਜਾਂ ਸਿਰਫ਼ 'ਖਾਣ-ਪੀਣ ਅਤੇ ਨੱਚਣ-ਗਾਉਣ' ਦਾ ਮੌਕਾ ਨਹੀਂ ਹੈ, ਸਗੋਂ ਇਹ ਇੱਕ ਅਦਾਲਤ ਨੇ ਉਨ੍ਹਾਂ ਜੋੜਿਆਂ ਦੀ ਨਿੰਦਾ ਕੀਤੀ ਜੋ ਵੀਜ਼ਾ, ਇਮੀਗ੍ਰੇਸ਼ਨ ਜਾਂ ਹੋਰ ਸਹੂਲਤਾਂ ਲਈ ਅਸਲ ਰਸਮਾਂ ਨਿਭਾਏ ਬਿਨਾਂ ਹੀ ਸਰਟੀਫਿਕੇਟ ਹਾਸਲ ਕਰ ਲੈਂਦੇ ਹਨ। ਇਹ ਰੂਲਿੰਗ ਡੌਲੀ ਰਾਣੀ ਬਨਾਮ ਮਨੀਸ਼ ਕੁਮਾਰ ਚੰਚਲ ਮਾਮਲੇ ਵਿੱਚ ਦਿੱਤੀ ਗਈ, ਜਿੱਥੇ ਦੋਵੇਂ ਪਾਇਲਟਾਂ ਨੇ ਰਸਮਾਂ ਨਿਭਾਉਣ ਤੋਂ ਪਹਿਲਾਂ ਹੀ ਸਰਟੀਫਿਕੇਟ ਲੈ ਲਿਆ ਸੀ। ਅਦਾਲਤ ਨੇ ਅਨੁਛੇਦ 142 ਦੀ ਵਰਤੋਂ ਕਰਦੇ ਹੋਏ ਉਨ੍ਹਾਂ ਦੇ ਵਿਆਹ ਨੂੰ ਰੱਦ ਕਰ ਦਿੱਤਾ ਕਿਉਂਕਿ ਰਸਮਾਂ ਕਦੇ ਹੋਈਆਂ ਹੀ ਨਹੀਂ ਸਨ। ਇਸ ਤੋਂ ਬਾਅਦ ਅਦਾਲਤ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਆਹ ਦੀ ਸੰਸਥਾ ਨੂੰ ਇੱਕ ਪਵਿੱਤਰ ਸੰਸਥਾ ਵਜੋਂ ਦੇਖਣ ਅਤੇ ਇਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਸ ਦੇ ਸੱਭਿਆਚਾਰਕ ਅਤੇ ਕਾਨੂੰਨੀ ਮਹੱਤਵ ਨੂੰ ਡੂੰਘਾਈ ਨਾਲ ਸਮਝਣ।

ਸਟਾਕ ਮਾਰਕੀਟ 'ਚ ਹੋ ਗਿਆ ਵੱਡਾ ਘਪਲਾ, 20 ਦਿਨਾਂ 'ਚ ਕਰ ਦਿੱਤਾ ਵੱਡਾ ਕਾਂਡ

ਬਿਜ਼ਨਸ ਡੈਸਕ, 4 ਫਰਵਰੀ : ਮੁੰਬਈ ਵਿੱਚ ਇੱਕ ਵੱਡੀ ਸਾਈਬਰ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ 68 ਸਾਲਾ ਵਿਅਕਤੀ ਨੂੰ ਉੱਚ ਮੁਨਾਫ਼ੇ ਦਾ ਲਾਲਚ ਦੇ ਕੇ ਲਗਭਗ 11 ਕਰੋੜ ਰੁਪਏ ਦੀ ਠੱਗੀ ਮਾਰੀ ਗਈ। ਧੋਖੇਬਾਜ਼ਾਂ ਨੇ, ਸਟਾਕ ਮਾਰਕੀਟ ਮਾਹਰਾਂ ਵਜੋਂ ਪੇਸ਼ ਹੋ ਕੇ, ਬਜ਼ੁਰਗ ਵਿਅਕਤੀ ਨੂੰ ਯੋਜਨਾਬੱਧ ਢੰਗ ਨਾਲ ਫਸਾਇਆ। ਰਿਪੋਰਟਾਂ ਅਨੁਸਾਰ, ਪੀੜਤ ਨੇ ਔਨਲਾਈਨ ਇੱਕ ਆਕਰਸ਼ਕ ਨਿਵੇਸ਼ ਇਸ਼ਤਿਹਾਰ ਦੇਖਿਆ, ਜਿਸ ਵਿੱਚ ਥੋੜ੍ਹੇ ਸਮੇਂ ਵਿੱਚ ਉੱਚ ਰਿਟਰਨ ਦਾ ਵਾਅਦਾ ਕੀਤਾ ਗਿਆ ਸੀ। ਇਸ 'ਤੇ ਵਿਸ਼ਵਾਸ ਕਰਦੇ ਹੋਏ, ਉਸਨੇ ਇਸ਼ਤਿਹਾਰ ਵਿੱਚ ਦਿੱਤੇ ਲਿੰਕ 'ਤੇ ਕਲਿੱਕ ਕੀਤਾ ਅਤੇ ਫਿਰ ਉਸਨੂੰ ਇੱਕ ਵਟਸਐਪ ਸਮੂਹ ਵਿੱਚ ਜੋੜ ਦਿੱਤਾ ਗਿਆ। ਇਸ ਸਮੂਹ ਵਿੱਚ, ਜਾਅਲੀ ਵਿਸ਼ਲੇਸ਼ਕ ਅਤੇ ਕਥਿਤ ਨਿਵੇਸ਼ਕ ਲਗਾਤਾਰ ਆਈਪੀਓ, ਤਰਜੀਹੀ ਸ਼ੇਅਰਾਂ ਅਤੇ ਉੱਚ ਮੁਨਾਫ਼ੇ ਬਾਰੇ ਗੱਲ ਕਰਦੇ ਸਨ। ਉਨ੍ਹਾਂ ਦੀ ਗੱਲਬਾਤ ਰਾਹੀਂ, ਬਜ਼ੁਰਗ ਵਿਅਕਤੀ ਦਾ ਵਿਸ਼ਵਾਸ ਵਧ ਗਿਆ ਅਤੇ ਨਿਵੇਸ਼ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਦੱਸਿਆ ਗਿਆ। ਫਿਰ ਧੋਖੇਬਾਜ਼ਾਂ ਨੇ ਉਸਨੂੰ ਇੱਕ ਮੋਬਾਈਲ ਐਪ ਡਾਊਨਲੋਡ ਕਰਨ ਲਈ ਧੋਖਾ ਦਿੱਤਾ ਜਿਸ ਵਿੱਚ ਉਸਦੇ ਨਿਵੇਸ਼ਾਂ 'ਤੇ ਭਾਰੀ ਰਿਟਰਨ ਦਾ ਵਾਅਦਾ ਕੀਤਾ ਗਿਆ ਸੀ। ਐਪ ਵਿੱਚ ਪ੍ਰਦਰਸ਼ਿਤ ਜਾਅਲੀ ਸਥਿਤੀਆਂ ਨੂੰ ਦੇਖ ਕੇ, ਪੀੜਤ ਨੂੰ ਵਿਸ਼ਵਾਸ ਹੋਇਆ ਕਿ ਉਸਦਾ ਪੈਸਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਵਿਸ਼ਵਾਸ ਦੇ ਤਹਿਤ, ਉਸਨੇ 20 ਦਿਨਾਂ ਦੇ ਅੰਦਰ 12 ਤੋਂ ਵੱਧ ਵੱਖ-ਵੱਖ ਬੈਂਕ ਖਾਤਿਆਂ ਵਿੱਚ ਲਗਭਗ 11 ਕਰੋੜ ਰੁਪਏ ਟਰਾਂਸਫਰ ਕੀਤੇ। ਐਪ 'ਤੇ ਉਸਦੀ ਨਿਵੇਸ਼ ਰਕਮ ਲਗਭਗ 18 ਕਰੋੜ ਰੁਪਏ ਤੱਕ ਪਹੁੰਚ ਗਈ ਦਿਖਾਈ ਗਈ। ਹਾਲਾਂਕਿ, ਜਦੋਂ ਉਸਨੇ ਪੈਸੇ ਕਢਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਧੋਖਾਧੜੀ ਕਰਨ ਵਾਲਿਆਂ ਨੇ ਵਾਧੂ 8 ਕਰੋੜ ਰੁਪਏ ਦੀ ਮੰਗ ਕੀਤੀ। ਇਹ ਉਦੋਂ ਹੋਇਆ ਜਦੋਂ ਉਸਨੂੰ ਧੋਖਾਧੜੀ ਦਾ ਸ਼ੱਕ ਹੋਇਆ ਅਤੇ ਮਾਮਲਾ ਸਾਹਮਣੇ ਆਇਆ। ਸਾਈਬਰ ਮਾਹਿਰਾਂ ਨੇ ਲੋਕਾਂ ਨੂੰ ਅਜਿਹੇ ਮਾਮਲਿਆਂ ਵਿੱਚ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ।

ਕਿਸੇ ਵੀ ਤਰ੍ਹਾਂ ਦੀ ਔਨਲਾਈਨ ਧੋਖਾਧੜੀ ਦੀ ਸਥਿਤੀ ਵਿੱਚ, ਤੁਰੰਤ ਹੈਲਪਲਾਈਨ ਨੰਬਰ 1930 'ਤੇ ਸੰਪਰਕ ਕਰੋ, ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ 'ਤੇ ਸ਼ਿਕਾਇਤ ਦਰਜ ਕਰੋ ਅਤੇ ਆਪਣੇ ਬੈਂਕ ਨੂੰ ਤੁਰੰਤ ਸੂਚਿਤ ਕਰੋ।

ਪੂਰੇ ਭਾਰਤ ਦਾ 99 ਫੀਸਦੀ Gold ਹੈ ਇਸ ਸੂਬੇ ਕੋਲ ! ਜਾਣ ਕੇ ਰਹਿ ਜਾਓਗੇ ਹੈਰਾਨ

ਨਵੀਂ ਦਿੱਲੀ, 4 ਫਰਵਰੀ : ਭਾਰਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਸੋਨਾ ਖਪਤਕਾਰ ਦੇਸ਼ਾਂ 'ਚ ਗਿਣਿਆ ਜਾਂਦਾ ਹੈ। ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਭਾਰਤ ਆਪਣੀ ਲੋੜ ਦਾ ਸਾਰਾ ਸੋਨਾ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ, ਪਰ ਹਕੀਕਤ ਇਹ ਹੈ ਕਿ ਸਾਡੀ ਆਪਣੀ ਧਰਤੀ ਹੇਠਾਂ ਵੀ ਸੋਨੇ ਦੇ ਵੱਡੇ ਭੰਡਾਰ ਮੌਜੂਦ ਹਨ। ਹਾਲਾਂਕਿ, ਭਾਰਤ 'ਚ ਸੋਨੇ ਦੀ ਮਾਈਨਿੰਗ ਕਾਫੀ ਸੀਮਤ ਅਤੇ ਗੁੰਝਲਦਾਰ ਪ੍ਰਕਿਰਿਆ ਹੈ। ਭਾਰਤ ਦੇ ਸੋਨੇ ਦੇ ਉਤਪਾਦਨ 'ਚ ਕਰਨਾਟਕ ਸਭ ਤੋਂ ਅੱਗੇ ਹੈ। ਦੇਸ਼ ਦੀਆਂ ਖਾਣਾਂ ਵਿੱਚੋਂ ਨਿਕਲਣ ਵਾਲੇ ਕੁੱਲ ਪ੍ਰਾਇਮਰੀ ਸੋਨੇ ਦਾ ਲਗਭਗ 99 ਫੀਸਦੀ ਹਿੱਸਾ ਇਕੱਲੇ ਕਰਨਾਟਕ ਤੋਂ ਹੀ ਪ੍ਰਾਪਤ ਹੁੰਦਾ ਹੈ। ਰਾਇਚੂਰ ਜ਼ਿਲ੍ਹੇ ਵਿੱਚ ਸਥਿਤ ਹੁਟੀ ਗੋਲਡ ਮਾਈਨਜ਼ ਦੇਸ਼ ਦੀ ਸਭ ਤੋਂ ਪੁਰਾਣੀ ਅਤੇ ਸਰਗਰਮ ਖਾਨ ਹੈ। ਕੋਲਾਰ ਗੋਲਡ ਫੀਲਡਜ਼ (KGF) ਕਦੇ ਕਰਨਾਟਕ ਦੀ ਪਛਾਣ ਸੀ, ਪਰ ਹੁਣ ਇੱਥੇ ਉਤਪਾਦਨ ਬੰਦ ਹੋ ਚੁੱਕਾ ਹੈ। ਉਤਪਾਦਨ 'ਚ ਭਾਵੇਂ ਕਰਨਾਟਕ ਅੱਗੇ ਹੈ, ਪਰ ਭੰਡਾਰ ਦੇ ਮਾਮਲੇ 'ਚ ਬਿਹਾਰ ਦਾ ਜਮੂਈ ਜ਼ਿਲ੍ਹਾ ਸਿਖਰ 'ਤੇ ਮੰਨਿਆ ਜਾ ਰਿਹਾ ਹੈ। ਸਰਕਾਰੀ ਅਨੁਮਾਨਾਂ ਅਨੁਸਾਰ ਇੱਥੇ ਹਜ਼ਾਰਾਂ ਟਨ ਚੱਟਾਨਾਂ 'ਚ ਸੋਨਾ ਦੱਬਿਆ ਹੋਇਆ ਹੈ, ਜਿਸ ਦੀ ਖੁਦਾਈ ਲਈ ਤਿਆਰੀਆਂ ਚੱਲ ਰਹੀਆਂ ਹਨ। ਭਾਰਤ 'ਚ ਸੋਨੇ ਦੀ ਮਾਈਨਿੰਗ ਕਰਨਾ ਤਕਨੀਕੀ ਤੌਰ 'ਤੇ ਬਹੁਤ ਚੁਣੌਤੀਪੂਰਨ ਹੈ। ਦੂਜੇ ਦੇਸ਼ਾਂ ਵਾਂਗ ਇੱਥੇ ਸੋਨਾ ਨਦੀਆਂ ਦੀ ਰੇਤ ਵਿੱਚ ਆਸਾਨੀ ਨਾਲ ਨਹੀਂ ਮਿਲਦਾ, ਸਗੋਂ ਇਹ ਸਖ਼ਤ ਚੱਟਾਨਾਂ ਦੇ ਅੰਦਰ ਹੁੰਦਾ ਹੈ। ਇਸੇ ਕਾਰਨ ਭਾਰਤ ਵਿੱਚ ਸੋਨੇ ਦੀ ਮਾਈਨਿੰਗ ਕਾਫੀ ਮਹਿੰਗੀ ਪੈਂਦੀ ਹੈ। ਸੋਨੇ ਨੂੰ ਬਾਜ਼ਾਰ ਤੱਕ ਪਹੁੰਚਾਉਣ ਦੀ ਪ੍ਰਕਿਰਿਆ ਕਾਫੀ ਲੰਬੀ ਹੈ। ਭਾਰਤੀ ਭੂ-ਵਿਗਿਆਨਕ ਸਰਵੇਖਣ (GSI) ਸੈਟੇਲਾਈਟ ਡੇਟਾ ਅਤੇ ਡ੍ਰਿਲਿੰਗ ਰਾਹੀਂ ਸੋਨੇ ਵਾਲੇ ਇਲਾਕਿਆਂ ਦੀ ਪਛਾਣ ਕਰਦਾ ਹੈ। ਜ਼ਮੀਨ ਦੇ ਹੇਠਾਂ ਸੁਰੰਗਾਂ ਬਣਾ ਕੇ ਕੰਟਰੋਲਡ ਵਿਸਫੋਟਾਂ ਅਤੇ ਭਾਰੀ ਮਸ਼ੀਨਾਂ ਦੀ ਮਦਦ ਨਾਲ ਚੱਟਾਨਾਂ ਨੂੰ ਤੋੜਿਆ ਜਾਂਦਾ ਹੈ। ਸੋਨੇ ਵਾਲੇ ਪੱਥਰਾਂ (ਅਇਸਕ) ਨੂੰ ਮਸ਼ੀਨਾਂ 'ਚ ਪੀਸ ਕੇ ਬਾਰੀਕ ਕੀਤਾ ਜਾਂਦਾ ਹੈ।

ਰਾਹੁਲ ਗਾਂਧੀ ਨਾਲ ਹੋਈ ਬਹਿਸ ਮਗਰੋਂ ਰਵਨੀਤ ਬਿੱਟੂ ਨੇ ਦਿੱਤਾ ਵੱਡਾ ਬਿਆਨ

ਨਵੀਂ ਦਿੱਲੀ, 4 ਫਰਵਰੀ : ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਾਲ ਹੋਈ ਬਹਿਸ ਤੋਂ ਬਾਅਦ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਰਵਨੀਤ ਸਿੰਘ ਬਿੱਟੂ ਨੇ ਰਾਹੁਲ ਗਾਂਧੀ ਅਤੇ ਗਾਂਧੀ ਪਰਿਵਾਰ ਦੇ ਖਿਲਾਫ ਬੇਹੱਦ ਸਖ਼ਤ ਰੁਖ ਅਖਤਿਆਰ ਕਰਦਿਆਂ ਵੱਡੇ ਇਲਜ਼ਾਮ ਲਾਏ ਹਨ। ਬਿੱਟੂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਰਾਹੁਲ ਗਾਂਧੀ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਉਹ ਉਨ੍ਹਾਂ ਨੂੰ ÷ਦੇਸ਼ ਦਾ ਦੁਸ਼ਮਣ÷ ਮੰਨਦੇ ਹਨ। ਸੰਸਦ ਕੰਪਲੈਕਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਬਿੱਟੂ ਨੇ ਕਿਹਾ ਕਿ ਉਹ ਕਾਰਵਾਈ ਲਈ ਸੰਸਦ ਕੰਪਲੈਕਸ ਦੇ ਰਾਸਤੇ ਤੋਂ ਅੰਦਰ ਜਾ ਰਹੇ ਸਨ,